# ਸ਼੍ਰੀ ਉਪਾਸਕ ਦਸ਼ਾਂਗ ਸੂਤਰ

## ਇਕ

## ਸਮਿਖਿਆਤਮਕ ਅਧਿਐਨ

# ਸ੍ਰੀ ਉਪਾਸਕ ਦਸਾਂਗ ਸੂਤਰ

ਜੈਨ ਆਗਮ ਸਾਹਿਤ ਵਿਚ ਸ੍ਰੀ ਉਪਾਸਕ ਦਸਾਂਗ ਸੂਤਰ ਦਾ ਬਹੁਤ ਮਹੱਤਵਪੂਰਨ ਸਥਾਨ ਹੈ। ਪ੍ਰਮੁਖ 11 ਅੰਗ ਸ਼ਾਸਤਰਾਂ ਵਿਚੋਂ ਇਹ ਸਤਵਾਂ ਅੰਗ ਹੈ।

ਅਚਾਰੀਆ ਰਕਸ਼ਿਤ ਨੇ ਸਮੁਚੇ ਆਗਮ ਸਾਹਿਤ ਨੂੰ ਵਿਸ਼ੇ ਦੇ ਪੱਖੋਂ ਚਾਰੇ ਹਿਸਿਆਂ ਵਿਚ ਵੰਡਿਆ ਹੈ।

**1. ਚਰਨਕਰਨਯੋਗ**— ਇਸ ਵਿਚ ਅਚਾਰਾਂਗ, ਦਸਵੈਕਾਲਿਕ, ਆਵਸ਼ਯਕ ਆਦਿ ਚਾਰ ਦੇ ਵਿਆਖਿਆ ਕਰਨ ਵਾਲੇ ਇਸ ਸ਼੍ਰੇਣੀ ਵਿਚ ਆਉਂਦੇ ਹਨ।

**2. ਧਰਮਕਥਾਨੁਯੋਗ**—ਧਾਰਮਿਕ ਘਟਨਾਵਾਂ, ਉਦਾਹਰਨਾਂ ਤੇ ਚਾਰਿਤਰਾਂ ਦੀ ਵਿਆਖਿਆ ਕਰਨ ਵਾਲੇ ਗਿਆਤਾਧਰਮ ਕਥਾ, ਉੱਤਰਾਧਿਐਨ ਸੂਤਰ ਤੇ ਉਪਾਸਕ ਦਸਾਂਗ ਆਦਿ ਸਾਮਲ ਹਨ।

**3. ਗਣਿਤਾਨੁਯੋਗ**—ਗਣਿਤ ਦੀ ਵਿਆਖਿਆ ਕਰਨ ਵਾਲੇ ਸੂਰਜ, ਚੰਦ, ਧਰਤੀ ਇਸ ਸ਼੍ਰੇਣੀ ਵਿਚ ਆਉਂਦੇ ਹਨ।

**4. ਦਰਵਾਯਾਨੁਯੋਗ** ਦਾਰਸਨਿਕ ਤੱਤਾਂ ਦੀ ਵਿਆਖਿਆ ਕਰਨ ਵਾਲੇ ਦ੍ਰਿਸ਼ਟੀਵਾਦ, ਸੂਤਰਕ੍ਰਿਤਾਂਗ ਆਦਿ ਇਸ ਵਿਚ ਸ਼ਾਮਲ ਹਨ।

ਪਰ ਇਹ ਕੋਈ ਪੱਕੀ ਭੇਦ-ਰੇਖਾ ਨਹੀਂ, ਦਰ-ਅਸਲ ਸਾਰੇ ਆਗਮਾਂ ਵਿਚ ਚਾਰੇ ਯੋਗਾਂ ਦਾ ਮਿਸ਼ਰਨ ਮਿਲ ਜਾਂਦਾ ਹੈ।

## ਉਪਾਸਕ ਦਸਾਂਗ ਸ਼ਬਦ ਦਾ ਅਰਥ

ਉਪਾਸਕ ਤੋਂ ਭਾਵ ਹੈ ਉਪਾਸਨਾ ਕਰਨ ਵਾਲਾ ਅਤੇ ਦਸਾਂਗ ਤੋਂ ਭਾਵ ਹੈ 10 ਵਾਂ ਅੰਗ ਭਾਵ 10 ਉਪਾਸਕਾਂ ਦਾ ਵਰਨਣ ਕਰਨ ਵਾਲਾ ਗ੍ਰੰਥ। ਸ਼ਵਾਲ ਪੈਦਾ ਹੋ ਸਕਦਾ ਹੈ ਕਿ ਭਗਵਾਨ ਮਹਾਵੀਰ ਦੇ ਲੱਖਾਂ ਉਪਾਸਕ ਸਨ, ਫੇਰ ਇਨ੍ਹਾਂ 10 ਦਾ ਵਰਨਣ ਕਰਨ ਦੀ ਕੀ ਜਰੂਰਤ ਸੀ ? ਇਹ ਪ੍ਰਸ਼ਨ ਬਹੁਤ ਸੁਭਾਵਿਕ ਹੈ।

ਸਭ ਤੋਂ ਪਹਿਲਾਂ ਸਾਨੂੰ ਇਹ ਜਾਨਣਾ ਜ਼ਰੂਰੀ ਹੈ ਕਿ ਉਪਾਸਕ ਸ਼ਬਦ ਦਾ ਕੀ ਅਰਥ ਹੈ ? ਜੈਨ ਧਰਮ ਵਿਚ ਦੋ ਪ੍ਰਕਾਰ ਦਾ ਧਰਮ ਫਰਮਾਇਆ ਗਿਆ ਹੈ।

**1. ਸ਼੍ਰਮਣ (ਸਾਧੂ ਸਾਧਵੀਆਂ) ਦਾ ਧਰਮ**—ਜੋ ਪੰਜ ਮਹਾਵਰਤ,ਪੰਜ ਸਮਿਤੀਆਂ ਤੇ ਤਿੰਨੇ ਗੁਪਤੀਆਂ ਦਾ ਦਰਿੜ੍ਹਤਾ ਨਾਲ ਪਾਲਣ ਕਰਦਾ ਹੈ ਉਸਨੂੰ ਅਸੀ ਮੁਨੀ, ਸੰਜਤੀ, ਸ਼੍ਰਮਣ, ਭਿਕਸ਼ੂ ਜਾਂ ਨਿਰਗਰੰਥ ਆਖ ਸਕਦੇ ਹਾਂ ਸ਼੍ਰਮਣ ਇਨ੍ਹਾਂ ਪ੍ਰਤਿਗਿਆਵਾਂ ਤੇ ਮਨ ਬਚਨ ਤੇ

ਸਰੀਰ ਰਾਹੀਂ ਆਪ ਚਲਦਾ ਹੈ ਅਤੇ ਇਨ੍ਹਾਂ ਵਰਤਾਂ ਦੇ ਦੋਸ਼ਾਂ ਪ੍ਰਤਿ ਆਪ ਹੀ ਨਹੀਂ ਬਚਦਾ ਸਗੋਂ ਉਹ ਇਸ ਦੋਸ ਨੂੰ ਨਾ ਤਾਂ ਆਪਣੇ ਲਈ ਕਰਵਾਉਂਦਾ ਹੈ ਅਤੇ ਨਾ ਹੀ ਕਰਦੇ ਨੂੰ ਚੰਗਾ ਜਾਣਦਾ ਹੈ।

**2. ਸ਼੍ਰਾਵਕ ਧਰਮ**—ਇਸਨੂੰ ਹੀ ਉਪਾਸਕ ਧਰਮ, ਗ੍ਰਿਹਸਥੀ ਦਾ ਧਰਮ ਆਖਦੇ ਹਨ। ਸ਼੍ਰਾਵਕ ਕਿਸ ਨੂੰ ਆਖਦੇ ਹਨ ? ਇਸਦਾ ਵਿਸਥਾਰ ਨਾਲ ਵਰਨਣ ਇਸ ਸੂਤਰ ਦੇ ਪਹਿਲੇ ਅਧਿਐਨ ਤੋਂ ਵਿਸਥਾਰ ਨਾਲ ਮਿਲਦਾ ਹੈ। ਸੰਖੇਪ ਵਿਚ ਅਸੀਂ ਆਖਦੇ ਹਾਂ ਕਿ ਜੋ ਦੇਵ, ਗੁਰੂ ਤੇ ਧਰਮ ਤੇ ਸੱਚੀ ਸ਼ਰਧਾ ਰਖਦਾ ਹੈ, ਉਹ ਸ਼੍ਰਾਵਕ ਹੈ।

ਸ਼੍ਰਾਵਕ ਸਮਿਅਕਤਵ ਤੋਂ ਅਗੇ ਸ਼੍ਰਾਵਕ ਦੇ 12 ਵਰਤਾਂ ਦਾ ਪਾਲਣ ਕਰਦਾ ਹੈ। ਇਸ ਵਿਚ ਸਾਧੂ ਵਾਲੇ ਅਹਿੰਸਾ, ਸਚ, ਚੋਰੀ ਨਾ ਕਰਨਾ, ਜਰੂਰਤ ਤੋਂ ਵਧ ਸੰਗ੍ਰਹਿ ਨਾ ਕਰਨਾ ਬ੍ਰਹਮਚਰਯ ਆਦਿ ਵਰਤ ਵੀ ਸ਼ਾਮਲ ਹਨ। ਇਹੋ ਵਰਤ ਸਾਧੂ ਦੀ ਹਾਲਤ ਵਿਚ ਮਹਾਵਰਤ ਅਖਵਾਉਂਦੇ ਹਨ ਪਰ ਗ੍ਰਹਿਸਥ ਦੀ ਹਾਲਤ ਵਿਚ ਅਣੂਵਰਤ ਅਖਵਾਉਂਦੇ ਹਨ ਅਣੂ ਤੋਂ ਭਾਵ ਛੋਟਾ ਹੈ ਅਰਥਾਤ ਇਨ੍ਹਾਂ ਵਰਤਾਂ ਦੀ ਕੁਝ ਛੋਟ ਰਖਕੇ ਪਾਲਣ ਕਰਨਾ ਹੀ ਅਣੂਵਰਤ ਜਾਂ ਸ਼ੀਲ ਵਰਤ ਹੈ।

ਹੁਣ ਅਸੀਂ ਪਹਿਲੇ ਪ੍ਰਸ਼ਨ ਵਲ ਫਿਰ ਆਉਂਦੇ ਹਾਂ ਕਿ ਜਦ ਭਗਵਾਨ ਮਹਾਵੀਰ ਦੇ ਲੱਖਾਂ ਉਪਾਸਕ ਸਨ ਤਾਂ ਇਨ੍ਹਾਂ ਦਾ ਹੀ ਵਰਨਣ ਕਿਉਂ ਕੀਤਾ ਗਿਆ ਮੇਰੀ ਛੋਟੀ ਜਿਹੀ ਰਾਏ ਅਨੁਸਾਰ ਇਸਦੇ ਹੇਠ ਲਿਖੇ ਕਾਰਨ ਸਨ।

---

1. ਦੇਵ ਤੋਂ ਭਾਵ ਅਰਿਹੰਤ ਜਾਂ ਤੀਰਥੰਕਰ ਅਤੇ ਮੁਕਤ ਸਿਧ ਆਤਮਾਵਾਂ ਹਨ ਜੋ ਰਾਗ-ਦਵੇਸ਼ ਆਦਿ ਵਿਕਾਰਾਂ ਤੇ ਕਾਬੂ ਪਾਕੇ ਨਿਰਵਾਨ ਹਾਸਲ ਕਰਦੀਆਂ ਹਨ। ਇਹੋ ਦੇਵ ਹੈ ਭਾਵ ਇਨ੍ਹਾਂ ਮੁਕਤ ਆਤਮਾਵਾਂ ਦੇ ਜੀਵਨ ਤੋਂ ਪ੍ਰੇਰਣਾ ਲੈਕੇ ਆਤਮਾ ਦਾ ਵਿਕਾਸ ਕਰਨਾ ਹੀ ਇਨ੍ਹਾਂ ਪ੍ਰਤਿ ਸੱਚੀ ਸ਼ਰਧਾ ਹੈ।

2. ਗੁਰੂ ਤੋਂ ਭਾਵ ਪੰਜ ਮਹਾਵਰਤ, ਪੰਜ ਸਮਿਤੀਆਂ, ਤਿੰਨ ਗੁਪਤੀਆਂ ਦਾ ਜੋ ਮਨ, ਬਚਨ ਤੇ ਸਰੀਰ ਰਾਹੀਂ ਪਾਲਣ ਕਰਦੇ ਹਨ 22 ਪਰੀਸ਼ੈਹ ਸਹਿਨ ਕਰਦੇ ਹਨ। ਧਰਮ ਉਪਦੇਸ਼ ਦਿੰਦੇ ਹਨ। ਉਨ੍ਹਾਂ ਪ੍ਰਤਿ ਸ਼ਰਧਾ ਰਖਣਾ, ਉਨ੍ਹਾਂ ਨੂੰ ਸ਼ੁਧ ਭੋਜਨ, ਕਪੜਾ ਤੇ ਭਾਂਡਾ ਦਾਨ ਦੇਣਾ ਇਹੋ ਗੁਰੂ ਪ੍ਰਤਿ ਸੱਚੀ ਸ਼ਰਧਾ ਹੈ।

3. ਧਰਮ ਤੋਂ ਭਾਵ ਹੈ।

ਨੌ ਤੱਤਵਾਂ—ਛੇ ਦਰਵ, ਸਚੇ ਦੇਵ, (ਅਰਿਹੰਤ-ਤੀਰਥੰਕਰ) ਗੁਰੂ ਤੇ ਜੈਨ ਸ਼ਾਸਤਰਾਂ ਪ੍ਰਤਿ ਸੱਚੀ ਸ਼ਰਧਾ ਤੇ ਵਿਸ਼ਵਾਸ ਕਰਦਾ ਹੈ ਅਤੇ ਇਨ੍ਹਾਂ ਪ੍ਰਤਿ ਗਿਆਨ ਰਖਦਾ ਹੈ।

1. ਇਹ ਉਪਾਸਕ ਸਾਰੇ ਹੀ ਧਨੀ ਸਨ। ਭਗਵਾਨ ਮਹਾਵੀਰ ਇਹ ਦਸਨਾ ਚਾਹੁੰਦੇ ਸਨ ਕਿ ਰਾਜਿਆਂ ਵਰਗੀ ਸਥਿਤੀ ਹੁੰਦਿਆਂ ਹੋਇਆਂ ਵੀ ਇਕ ਮਨੁਖ ਕਿਵੇਂ ਨਿਰਵਾਨ ਪ੍ਰਾਪਤ ਕਰ ਸਕਦਾ ਹੈ ਧਨ ਆਪਣੇ ਆਪ ਵਿਚ ਪਰਿਗ੍ਰਹਿ ਜਾਂ ਪਾਪ ਦਾ ਕਾਰਣ ਨਹੀਂ— ਪਾਪ ਦਾ ਕਾਰਣ ਧਨ ਪ੍ਰਤਿ ਮੋਹ ਹੈ। ਕਰੋੜਾਂ ਦਾ ਧਨ ਹੁੰਦਿਆਂ ਹੋਇਆਂ ਵੀ ਉਨ੍ਹਾਂ ਕਿਸ ਤਰ੍ਹਾਂ ਗ੍ਰਹਿਸਥ ਧਰਮ ਦਾ ਪਾਲਨ ਕੀਤਾ, ਇਹ ਹੀ ਦਰਸਾਉਣਾ ਇਸ ਸੂਤਰ ਦਾ ਭਾਵ ਹੈ।

2. ਇਸ ਸੂਤਰ ਵਿਚ ਜਿਨ੍ਹਾਂ ਉਪਾਸਕਾਂ ਦਾ ਵਰਨਣ ਆਇਆ ਹੈ ਉਨ੍ਹਾਂ ਨਾਲ ਕੋਈ ਨਾ ਕੋਈ ਘਟਨਾ ਸੰਬੰਧਿਤ ਹੈ। ਜਿਸ ਤੋਂ ਪਤਾ ਲਗਦਾ ਹੈ ਕਿ ਇਨ੍ਹਾਂ ਉਪਾਸਕਾਂ ਦਾ ਜੀਵਨ ਉਨ੍ਹਾਂ ਲੱਖਾਂ ਉਪਾਸਕਾਂ ਤੋਂ ਖਾਸ ਤੇ ਨਵੇਕਲਾ ਸੀ, ਜੋਕਿ ਆਮ ਮਨੁਖ ਲਈ ਪ੍ਰੇਰਣਾ ਦਾ ਕਾਰਨ ਬਨ ਸਕਦਾ ਸੀ।

3. ਇਸ ਸੂਤਰ ਵਿਚ ਜਿਨ੍ਹਾਂ ਉਪਾਸਕਾਂ ਦਾ ਵਰਨਣ ਆਇਆ ਹੈ ਉਹ ਕਈ ਜਾਤੀਆਂ ਨਾਲ ਸੰਬੰਧਿਤ ਹਨ ਭਗਵਾਨ ਮਹਾਵੀਰ ਇਹ ਸਿਧ ਕਰਨਾ ਚਾਹੁੰਦੇ ਸਨ ਕਿ ਨਿਰਗਰੰਥ ਧਰਮ ਵਿਚ ਜਾਤੀ, ਰੰਗ ਦਾ ਕੋਈ ਮਹੱਤਵ ਨਹੀਂ। ਮਹੱਤਵ ਹੈ, ਤਾਂ ਗਿਆਨ, ਦਰਸ਼ਨ, ਚਾਰਿਤਰ, ਤਪ ਦਾਨ, ਸੀਲ, ਤਪ ਤੇ ਦਿਆ ਦਾ ਹੈ।

4. ਇਸ ਸੂਤਰ ਦਾ ਇਕ ਉੱਦੇਸ਼ ਉਪਾਸਕ ਦੇ 12 ਵਰਤਾਂ ਦੀ ਵਿਆਖਿਆ ਵੀ ਹੈ, 12 ਪ੍ਰਤਿਮਾਵਾਂ ਦੀ ਵਿਆਖਿਆ ਵੀ ਹੈ। ਇਸ ਆਗਮ ਦਾ ਇਕ ਹੋਰ ਉੱਦੇਸ਼ ਇਹ ਵੀ ਹੈ ਕਿ ਨਾ ਤਾਂ ਸਾਰੇ ਸਾਧੂ ਹੀ ਮਹਾਨ ਹੁੰਦੇ ਹਨ ਨਾ ਹੀ ਸਾਰੇ ਗ੍ਰਹਿਸਥ। ਸਗੋਂ ਕਈ ਵਾਰ ਗ੍ਰਹਿਸਥੀ ਮੁਨੀਆਂ ਤੋਂ ਮਹਾਨ ਹੁੰਦੇ ਹਨ ਜੋਕਿ ਦੇਵਤੇ ਤੇ, ਪਸ਼ੂ ਤੇ ਮਨੁਖਾਂ ਰਾਹੀਂ ਦਿਤੇ ਕਸ਼ਟਾਂ ਨੂੰ ਸ਼ਾਂਤੀ ਪੂਰਵਕ ਸਹਿਨ ਕਰਦੇ ਹਨ।

## ਉਪਾਸਕ ਦਸ਼ਾਂਗ ਵਿਚ ਵਰਨਣ ਸਮਾਜਿਕ ਹਾਲਤ

ਉਪਾਸਕ ਦਸ਼ਾਂਗ ਸਾਰੇ ਜੈਨ ਸਾਹਿਤ ਵਿਚੋਂ ਇਕੋ ਇਕ ਆਗਮ ਹੈ ਜੋਕਿ ਮਹਾਵੀਰ ਦੇ ਸਮੇਂ ਦੇ ਪ੍ਰਮੁਖ ਉਪਾਸਕ ਦੀ ਸਹੀ ਤਸਵੀਰ ਖਿਚਦਾ ਹੈ ਭਾਵੇਂ ਹੋਰ ਆਗਮਾਂ ਵਿਚ ਵੀ ਉਪਾਸਕ ਦਾ ਵਰਨਣ ਆਇਆ ਹੈ ਪਰ ਉਪਾਸ਼ਕ ਦਸ਼ਾਂਗ ਵਿਚ ਤੇ ਸਿਰਫ ਉਪਾਸਕਾਂ ਦਾ ਹੀ ਵਰਨਣ ਹੈ ਉਨ੍ਹਾਂ ਦੀ ਸਮਾਜਿਕ, ਰਾਜਨੀਤਿਕ, ਆਰਥਿਕ ਤੇ ਧਾਰਮਿਕ ਸਥਿਤੀ ਦਾ ਵਰਨਣ ਹੈ।

ਉਸ ਸਮੇਂ ਉਪਾਸਕ ਦੀ ਸਮਾਜਿਕ ਸਥਿਤੀ ਬਹੁਤ ਹੀ ਆਦਰ ਵਾਲੀ ਸੀ ਭਾਵੇਂ ਉਸ ਸਮੇਂ ਸਮਾਜ ਚਾਰ ਵਰਨਾਂ ਵਿਚ ਵੰਡਿਆ ਹੋਇਆ ਸੀ ਪਰ ਜੈਨ ਉਪਾਸਕ ਇਕ ਦੂਸਰੇ ਨੂੰ ਦੇਵਾਨੁਪ੍ਰਿਯ, ਆਯੁਸ਼ਮਾਨ ਆਦਿ ਸਤਿਕਾਰ ਯੋਗ ਸ਼ਬਦਾਂ ਨਾਲ ਸੰਬੋਧਿਤ ਕਰਦੇ ਸਨ।

ਮਾਂ ਪਿਓ ਦਾ ਬਹੁਤ ਸਤਿਕਾਰ ਕੀਤਾ ਜਾਂਦਾ ਸੀ ਮਾਂ ਨੂੰ ਦੇਵ ਗੁਰੂ ਦ ਸਮਾਨ ਸਮਝਿਆ ਜਾਂਦਾ ਸੀ। ਉਨ੍ਹਾਂ ਦੀ ਇਜਤ ਕਰਨਾ ਧਰਮ ਸਮਝਿਆ ਜਾਂਦਾ ਸੀ।

ਪਤਨੀ ਲਈ ਵੀ ਉਸ ਸਮੇਂ ਧਰਮ ਸਹਾਇਕਾ, ਧਰਮ ਵੈਦ ਆਦਿ ਆਦਰਯੋਗ ਸ਼ਬਦ ਇਸਤੇਮਾਲ ਕੀਤੇ ਜਾਂਦੇ ਸਨ।

ਉਪਾਸਕ ਤੇ ਉਪਾਸਿਕਾਵਾਂ ਬੜੇ ਸ਼ਾਨ-ਸ਼ੌਕਤ ਨਾਲ ਧਾਰਮਿਕ ਰਥ ਤੇ ਸੁਆਰ ਹੋਕੇ ਨੌਕਰ ਚਾਕਰ ਨਾਲ ਲੈਕੇ ਜਾਂਦੇ ਸਨ। ਕਪੜੇ ਤੇ ਗਹਿਣੇ ਸਾਦੇ ਪਰ ਬਹੁਮੁਲੇ ਪਾਏ ਜਾਂਦੇ ਸਨ। ਸਮੋਸਰਨ ਤੋਂ ਪਹਿਲਾਂ ਉਹ ਜੂਤੇ ਤੇ ਰਥ ਦੂਰ ਹੀ ਰੋਕ ਲੈਂਦੇ ਸਨ ਕਈ ਉਪਾਸਕ ਪੈਦਲ ਵੀ ਪਰ ਸ਼ਾਨ ਸ਼ੌਕਤ ਤੇ ਛਤਰ ਧਾਰਨ ਕਰਕੇ ਜਾਂਦੇ ਸਨ।

ਸ਼੍ਰਾਵਕ ਲੋਕ ਆਪਣੇ ਰਿਸ਼ਤੇਦਾਰਾਂ ਤੇ ਮਿਤਰਾਂ ਦਾ ਬਹੁਤ ਧਿਆਨ ਰਖਦੇ ਸਨ। ਕੋਈ ਵੀ ਬੜਾ ਕੰਮ ਕਰਨ ਤੋਂ ਪਹਿਲਾਂ ਉਨ੍ਹਾਂ ਨੂੰ ਭੋਜਨ ਕੀਤਾ ਜਾਂਦਾ ਸੀ ਜਦ ਆਨੰਦ ਆਦਿ ਉਪਾਸਕਾਂ ਨੇ ਆਪਣੇ ਬੜੇ ਪੁਤਰਾਂ ਨੂੰ ਘਰ ਦੀ ਦੇਖ-ਭਾਲ ਸੰਭਾਲੀ ਤਾਂ ਉਨ੍ਹਾਂ ਵੀ ਆਪਣੇ ਮਿਤਰਾਂ ਤੇ ਰਿਸ਼ਤੇਦਾਰਾਂ ਨੂੰ ਇਕੱਠਾ ਕਰਕੇ ਪਹਿਲਾਂ ਭੋਜਨ ਕਰਾਇਆ ਤੇ ਫਿਰ ਅਜਿਹਾ ਕਰਨ ਦੀ ਸੂਚਨਾ ਦਿਤੀ। ਸ਼੍ਰਾਵਕ ਲੋਕ ਧਰਮ ਦੇ ਮਾਮਲੇ ਵਿਚ ਪਤੀ ਨਾਲ ਹੋਰ ਮੈਂਬਰਾਂ ਨਾਲ ਚਰਚਾ ਕਰਦੇ।

ਉਸ ਸਮੇਂ ਸ਼੍ਰਾਵਕ ਧਰਮ ਹਰ ਆਦਮੀ ਇਕਲਾ ਇਕਲਾ ਗ੍ਰਹਿਣ ਕਰਦਾ ਸੀ। ਇਹ ਜ਼ਰੂਰੀ ਨਹੀਂ ਕਿ ਘਰ ਦੇ ਸਾਰੇ ਹੀ ਆਦਮੀ ਸ਼੍ਰਾਵਕ ਹੋਣ। ਭਗਵਾਨ ਮਹਾਵੀਰ ਨੇ ਕਦੇ ਵੀ ਕਿਸੇ ਨੂੰ ਮਜਬੂਰਨ ਜਾਂ ਲਾਲਚ ਦੇਕੇ ਉਪਾਸਕ ਨਹੀਂ ਸੀ ਬਣਾਇਆ। ਉਹ ਤਾਂ ਆਖਦੇ ਸਨ ਕਿ "ਮਨੁਖ ਨੂੰ ਆਪਣੀ ਆਤਮਿਕ ਤੇ ਸਰੀਰਕ ਸਥਿਤੀ ਵੇਖ ਕੇ ਧਰਮ ਗ੍ਰਹਿਣ ਕਰਨਾ ਚਾਹੀਦਾ ਹੈ।"

ਉਸ ਸਮੇਂ ਜੋ ਲੋਕ ਜੈਨ ਧਰਮ ਦੇ ਉਪਾਸਕ ਨਹੀਂ ਸਨ ਉਹ ਖੁਲੇ ਆਮ ਮਾਸ ਸ਼ਰਾਬ ਦੀ ਵਰਤੋਂ ਕਰਦੇ ਸਨ ਰੇਵਤੀ ਗਾਥਾਪਤਨੀ ਤਾਂ ਗਾਂ ਦਾ ਮਾਸ ਵੀ ਖਾਂਦੀ ਸੀ। ਉਸ ਸਮੇਂ ਮਾਸ ਤੇ ਸ਼ਰਾਬ ਦਾ ਪ੍ਰਚਾਰ ਉਸ ਸਮੇਂ ਦੇ ਵੈਦਿਕ ਧਰਮ ਦਾ ਅੰਗ ਬਣ ਚੁਕਾ ਸੀ ਜਗ੍ਹਾ ਜਗ੍ਹਾ ਹਿੰਸਕ ਯਗ ਹੁੰਦੇ ਸਨ ਮਨੁਸਮ੍ਰਿਤੀ ਵਿਚ ਕਈ ਪ੍ਰਕਾਰ ਦੇ ਸ਼੍ਰਾਧਾਂ ਲਈ ਭਿੰਨ ਭਿੰਨ ਪ੍ਰਕਾਰ ਦੇ ਮਾਸ ਬ੍ਰਾਹਮਣਾਂ ਨੂੰ ਖਿਲਾਉਣ ਲਈ ਲਿਖਿਆ ਗਿਆ ਹੈ।

ਬਹੁਪਤਨੀ ਪ੍ਰਥਾ ਆਮ ਸੀ। ਹਰ ਪਤਨੀ ਆਪਣੇ ਦਹੇਜ ਦੀ ਮਾਲਕਿਨ ਆਪ ਹੁੰਦੀ ਸੀ। ਉਸ ਸਮੇਂ ਇਸਤਰੀਆਂ ਨੂੰ ਸੰਪਤੀ ਰਖਣ ਦਾ ਅਧਿਕਾਰ ਸੀ। ਕਈ ਵਾਰ ਧਨ ਦੇ ਲਾਲਚ ਲਈ ਉਹ ਆਪਣੀਆਂ ਸੌਕਣਾਂ ਨੂੰ ਜਹਿਰ ਜਾਂ ਹਥਿਆਰ ਨਾਲ ਮਾਰ ਦਿੰਦੀਆਂ ਸਨ ਅਤੇ ਉਨ੍ਹਾਂ ਦੀ ਸੰਪਤੀ ਆਪਣੇ ਕਬਜ਼ੇ ਵਿਚ ਕਰ ਲੈਂਦੀਆਂ ਸਨ। ਉਸ

ਸਮੇਂ ਔਰਤਾਂ ਦੇ ਬਹੁਤ ਦਾਸੀਆਂ ਹੁੰਦੀਆਂ ਸਨ। ਰੇਵਤੀ ਗਾਥਾਪਤਨੀ ਤਾਂ ਇੰਨੀ ਕਾਮੁਕ ਸੀ ਕਿ ਉਹ ਮਾਸ ਸ਼ਰਾਬ ਵਿਚ ਮਸਤ ਹੋਈ ਜੈਨ ਉਪਾਸਰੇ ਵਿਚ ਪਹੁੰਚ ਗਈ ਅਤੇ ਆਪਣੇ ਪਤੀ ਨੂੰ ਕਾਮ ਭੋਗ ਦੀ ਪ੍ਰਾਰਥਨਾ ਕਰਨ ਲਗੀ। ਤੰਗ ਆਕੇ ਮਹਾਸ਼ਤਕ ਸ਼੍ਰਾਵਕ ਅਪਣੀ ਪਤਨੀ ਨੂੰ ਸ਼ਰਾਪ ਦਿੰਦਾ ਹੈ।

ਲੋਕ ਬਹੁਤ ਹੀ ਐਸ਼ ਆਰਾਮ ਦੀ ਜ਼ਿੰਦਗੀ ਗੁਜ਼ਾਰਦੇ ਸਨ।

ਉਸ ਸਮੇਂ ਨੌਕਰਾਂ ਤੇ ਦਾਸ ਦਾਸੀਆਂ ਨਾਲ ਉਪਾਸਕ ਲੋਕ ਬਹੁਤ ਚੰਗਾ ਵਿਵਹਾਰ ਕਰਦੇ ਸਨ ਉਨ੍ਹਾਂ ਨੂੰ ਦੇਵਾਨੂਪ੍ਰਿਆ ਜਾਂ ਕੋਟਵਿੰਕ ਪੁਰਸ਼ (ਪ੍ਰੀਵਾਰ ਦਾ ਮੈਂਬਰ) ਆਖ ਕੇ ਸ਼ੰਬੋਧਨ ਕਰਦੇ ਸਨ।

ਉਸ ਸਮੇਂ ਇਸਨਾਨ ਪਿਛੋਂ ਸਰੀਰ ਪੂੰਝਣ ਲਈ ਗੰਧ ਕਸਾਂਏ ਨਾਮਕ ਵਰਤਰ ਦਾ ਇਸਤੇਮਾਲ ਕੀਤਾ ਜਾਂਦਾ ਸੀ। ਦਾਤੁਨ ਦੇ ਰੂਪ ਵਿਚ ਮਲਹਟੀ ਦਾ ਇਸਤੇਮਾਲ ਹੁੰਦਾ ਸੀ। ਉਸ ਸਮੇਂ ਸਿਰ ਤੇ ਅੱਖਾਂ ਧੋਣ ਲਈ ਦੁਧੀਆ ਆਵਲੇ ਦਾ ਪ੍ਰਯੋਗ ਕੀਤਾ ਜਾਂਦਾ ਸੀ।

ਮਾਲਿਸ਼ ਆਦਿ ਕਰਨ ਲਈ ਸੁਤਪਾਕ ਅਤੇ ਸਹਸਚਰਪਾਕ ਨਾਮਕ ਤੇਲ ਦੀ ਵਰਤੋਂ ਵੀ ਉਪਾਸਕ ਲੋਕ ਕਰਦੇ ਸਨ।

ਬਟਨੇ ਦੇ ਰੂਪ ਵਿਚ ਕਣਕ ਦਾ ਆਟਾ ਵੀ ਇਸਤੇਮਾਲ ਹੁੰਦਾ ਸੀ।

ਉਪਾਸ਼ਕ ਲੋਕ ਕਪਾਹ ਦੇ ਬਨੇ ਕਪੜੇ ਪਹਿਨਦੇ ਸਨ ਸਰੀਰਕ ਸਿੰਗਾਰ ਲਈ ਅਗਰ, ਕੁੰਕੁਮ ਤੇ ਚੰਦਨ ਦੀ ਵਰਤੋਂ ਕੀਤੀ ਜਾਂਦੀ ਸੀ ਸਫੇਦ ਕਮਲ ਤੇ ਮਾਲਤੀ ਦੇ ਫੁੱਲਾਂ ਦੇ ਹਾਰ ਵੀ ਲੋਕ ਗਲਾਂ ਵਿਚ ਪਾਉਂਦੇ ਸਨ।

ਉਪਾਸਕ ਲੋਕ ਆਪਣੇ ਨਾਂ ਦੀ ਕੀਮਤੀ ਅੰਗੂਠੀ ਜ਼ਰੂਰ ਪਹਿਨਦੇ ਸਨ। ਧੂਪ ਆਦਿ ਰੂਪ ਵਿਚ ਅਗਰੂ ਤੇ ਲੋਵਾਨ ਦੀ ਵਰਤੋਂ ਕੀਤੀ ਜਾਂਦੀ ਸੀ।

ਉਪਾਸਕ ਆਪਣੀਆਂ ਪ੍ਰਤਿਗਿਆ ਕਰਦੇ ਸਮੇਂ ਪੀਣ ਵਾਲੇ ਪਦਾਰਥਾਂ ਦੇ ਰੂਪ ਵਿਚ ਮੂੰਗੀ ਦੀ ਦਾਲ ਦਾ ਪਾਣੀ, ਘੀ ਵਿਚ ਤਲੇ ਚਾਵਲਾਂ ਦਾ ਪਾਣੀ ਜਾਂ ਕਾਂਜੀ ਦੀ ਵਰਤੋਂ ਦੀ ਮਰਿਆਦਾ ਕਰਦੇ ਸਨ।

ਉਸ ਸਮੇਂ ਕਮਲ ਨਾਂ ਦੀ ਉਤਮ ਕਿਸਮ ਦਾ ਚੌਲ ਬਹੁਤ ਮਸ਼ਹੂਰ ਸੀ। ਦਾਲਾਂ ਵਿਚ ਮਟਰ, ਮੂੰਗੀ ਅਤੇ ਉੜਦ ਦੀ ਦਾਲ ਦੀ ਬਹੁਤ ਵਰਤੋਂ ਕੀਤੀ ਜਾਂਦੀ ਸੀ।

ਘੀ ਦੇ ਰੂਪ ਵਿਚ ਗਊ ਦਾ ਦਾਨੇਦਾਰ ਘੀ ਬਹੁਤ ਉੱਤਮ ਮੰਨਿਆ ਜਾਂਦਾ ਸੀ।

ਉਸ ਸਮੇਂ ਬਾਥੂ,ਚੂਚੂ, ਘੀਆ, ਸਵੋਸਤੀਕ ਅਤੇ ਮੰਡਕੀਕ ਸਬਜ਼ੀਆਂ ਬਹੁਤ ਪ੍ਰਚਲਿਤ ਸਨ। ਉਸ ਸਮੇਂ ਕਾਂਜੀ ਵਿਚ ਦਾਲ ਦੀਆਂ ਪਕੋੜੀਆਂ ਬੜੇ ਸ਼ੌਕ ਨਾਲ ਇਮਲੀ ਦੀ ਚਟਨੀ ਪਾਕੇ ਖਾਈਆਂ ਜਾਂਦੀਆਂ ਸਨ।

ਲੋਕ ਪਾਨ ਖਾਨ ਦੇ ਬਹੁਤ ਸ਼ਕੀਨ ਸਨ। ਪਾਨ ਵਿਚ ਅਨੇਕਾਂ ਕਿਸਮ ਦੇ ਖੁਸ਼ਬੂਦਾਰ ਪਦਾਰਥ ਪਾਏ ਜਾਂਦੇ ਸਨ ਜਿਨ੍ਹਾਂ ਵਿਚੋਂ ਪੰਜ ਬਹੁਤ ਚੰਗੇ ਮੰਨੇ ਜਾਂਦੇ ਸਨ। ਇਨ੍ਹਾਂ ਨੂੰ ਪੰਚਸੁਗੰਧ ਆਖਦੇ ਸਨ ਇਹ ਪਦਾਰਥ ਸਨ ਕੰਕੋਲ, ਕਾਲੀ ਮਿਰਚ, ਏਲਾ, ਲੌਂਗ, ਦਾਲ-ਚੀਨੀ ਤੇ ਕਪੂਰ।

ਉਸ ਸਮੇਂ ਲੋਕ ਆਪਣੀਆਂ ਇਸਤਰੀਆਂ ਤੇ ਗੁਪਤ ਭੇਦ ਪ੍ਰਕਟ ਕਰ ਦਿੰਦੇ ਸਨ ਗਲਤ ਲਿਖਤਾਂ ਲਿਖ ਕੇ ਲੋਕਾਂ ਨੂੰ ਧੋਖਾ ਦੇ ਦਿੰਦੇ ਸਨ।

ਉਨ੍ਹਾਂ ਦਿਨਾਂ ਵਿਚ ਸਮਗਲਿੰਗ ਦਾ ਬਹੁਤ ਜੋਰ ਸੀ ਕਈ ਲੋਕ ਸਮਗਲਿੰਗ ਕਰਨ ਲਈ ਚੋਰਾਂ ਦੀ ਨਿਯੁਕਤੀ ਕਰ ਦਿੰਦੇ ਸਨ। ਗਲਤ ਤੇ ਘਟ ਤੋਲਣ ਦਾ ਰਿਵਾਜ ਕਾਫ਼ੀ ਜ਼ੋਰਾਂ ਤੇ ਸੀ। ਲੋਕ ਨਕਲੀ ਬੱਟੇ ਇਸਤੇਮਾਲ ਕਰਦੇ ਸਨ। ਕਈ ਲੋਕ ਮਿਲਾਵਟਾਂ ਵੀ ਕਰਦੇ ਸਨ। ਅਸਲੀ ਚੀਜ਼ ਨੂੰ ਨਕਲੀ ਤੇ ਨਕਲੀ ਨੂੰ ਅਸਲੀ ਆਖਣ ਦੀ ਬਹੁਤ ਬੁਰਾਈ ਵੀ ਸੀ। ਲੋਕ ਕਈ ਵਾਰੀ ਗਲਤ ਢੰਗਾਂ ਨਾਲ ਸਰਹੱਦਾਂ ਦੀ ਉਲੰਘਣਾ ਕਰ ਦਿੰਦੇ ਸਨ।

ਇਸ ਸਮੇਂ ਲੋਕਾਂ ਵਿਚ ਇਕ ਬਹੁਤ ਬੜੀ ਬੁਰਾਈ ਇਹ ਸੀ ਕਿ ਲੋਕ ਕਾਮ ਭੋਗਾਂ ਵਿਚ ਬਹੁਤ ਫਸੇ ਹੋਏ ਸਨ। ਉਹ ਕਈ ਢੰਗਾਂ ਨਾਲ ਅਨੈਤਿਕ ਕੰਮ ਕਰਦੇ ਸਨ ਜਿਵੇਂ ਕਿਸੇ ਔਰਤ ਨੂੰ ਕੁਝ ਸਮੇਂ ਲਈ ਪਤਨੀ ਸਮਝ ਕੇ ਭੋਗ ਕਰਨਾ, ਵੇਸ਼ਯਾ, ਕੁਮਾਰੀ ਅਤੇ ਵਿਧਵਾ ਔਰਤਾਂ ਨਾਲ ਭੋਗ ਕਰਨਾ ਅਤੇ ਹੋਰ ਕਈ ਢੰਗਾਂ ਨਾਲ ਵਾਸਨਾ ਪੂਰਤੀ ਕਰਦੇ ਸਨ। ਕਈ ਵਾਰ ਲੋਕ ਗਲਤ ਰਿਸ਼ਤੇਦਾਰੀ ਸਥਾਪਿਤ ਕਰਾ ਦਿੰਦੇ ਸਨ। ਕਈ ਲੋਕ ਅਨੈਤਿਕ ਤੇ ਅਪ੍ਰਾਕ੍ਰਿਤ ਕਾਮ ਵਾਸਨਾ ਪੂਰੀ ਕਰਦੇ ਸਨ।

**ਰਾਜਨੀਤਿਕ ਅਵਸਥਾਂ**—ਉਸ ਸਮੇ ਬਹੁਤ ਦੇਸ ਵਿਚ ਰਾਜ ਤੰਤਰ ਸੀ ਰਾਜੇ ਵੀ ਹੋਰ ਲੋਕਾਂ ਨਾਲ ਭਗਵਾਨ ਮਹਾਵੀਰ ਦੇ ਦਰਸ਼ਨ ਕਰਨ ਜਾਇਆ ਕਰਦੇ ਸਨ। ਰਾਜ਼ੇ ਲੋਕ ਨਗਰ ਦੇ ਸੇਠਾਂ ਦਾ ਬਹੁਤ ਸਤਿਕਾਰ ਤਰਦੇ ਸਨ ਆਨੰਦ ਉਪਾਸਕ ਤੋਂ ਬਾਣਜ ਗ੍ਰਾਮ ਦਾ ਜਿਤਸਤਰੂ ਰਾਜਾ ਬਹੁਤ ਸਾਰੇ ਕੰਮਾ, ਯੋਜਨਾਵਾਂ, ਪਰਿਵਾਰਿਕ ਪ੍ਰਸ਼ਨ ਰਾਜਨਿਤਿਕ ਮਾਮ ਲਿਆ ਅਤੇ ਹੋਰ ਲੈਣ ਦੇਣ ਵਿਚ ਰਾਏ ਮਸਵਰਾ ਲਿਆ ਕਰਦਾ ਸੀ।

ਰਾਜੇ ਤੋਂ ਛੁਟ ਈਸਵਰ, ਸੈਨਾਪਤੀ, ਸਾਰਥਵਾਹ, ਕੋਟਵੀਕ ਪੁਰਸ ਦਾ ਬਹੁਤ ਮਾਨ ਸੀ। ਈਸਵਰ 72 ਕਲਾਵਾਂ ਦਾ ਜਾਨਕਾਰ ਹੁੰਦਾ ਸੀ। ਉਹ ਸ਼ਾਸਤਰ ਵਿਦਿਆ ਵਿਚ ਨਿਪੁੰਨ ਹੁੰਦਾ ਸੀ।

ਉਪਾਸਕ ਦਸਾਂਗ ਵਿਚ ਜਿਤਸ਼ਤਰੂ ਤੇ ਸ਼੍ਰੇਣਿਕ ਦੋ ਰਾਜਿਆਂ ਦਾ ਵਰਨਣ ਆਉਂਦਾ ਹੈ। ਇਕੱਲਾ ਸ਼੍ਰੇਣਿਕ ਰਾਜਗ੍ਰਹਿ ਦਾ ਰਾਜਾ ਸੀ ਬਾਕੀ ਸਾਰਿਆਂ ਨਗਰਾਂ ਦਾ ਰਾਜਾ ਜਿਤਸ਼ਤਰੂ ਆਖਿਆ ਗਿਆ ਹੈ। ਬੜੀ ਹੈਰਾਨੀ ਦੀ ਗੱਲ ਹੈ ਕਿ ਉਹ ਇੰਨੇ ਦੇਸਾਂ ਦਾ

ਰਾਜਾ ਕਿਵੇਂ ਹੋ ਗਿਆ ਕਿਉਂਕਿ ਸ਼੍ਰੇਣਿਕ ਦੇ ਮਰਨ ਤੋਂ ਬਾਅਦ ਉਸ ਦਾ ਪੁੱਤਰ ਅਜਾਤ-ਸ਼ਤਰੂ ਤੇ ਜਾਂ ਕੋਣਿਕ ਗੱਦੀ ਤੇ ਬੈਠਾ ਸੀ। ਜੈਨ ਸਾਹਿਤ ਵਿਚ ਇਹ ਤਾਂ ਆਉਂਦਾ ਹੈ ਕਿ ਉਸਨੇ ਆਸ ਪਾਸ ਦੇ ਦੇਸਾਂ ਨੂੰ ਜਿਤ ਕੇ ਮਗਧ ਨੂੰ ਵਿਸ਼ਾਲ ਦੇਸ਼ ਦਾ ਰੂਪ ਦਿਤਾ ਪਰ ਭਗਵਾਨ ਮਹਾਵੀਰ ਦਾ 22ਵਾਂ ਚੌਮਾਸਾ ਰਾਜਗ੍ਰਹਿ ਸੀ ਅਤੇ 16ਵਾਂ ਬਣਿਆ ਨਗਰ ਵਿਚ। ਪਿਤਾ ਤੋਂ ਪਹਿਲਾਂ ਪੁੱਤਰ ਕਿਵੇਂ ਰਾਜਾ ਅਖਵਾ ਸਕਦਾ ਹੈ ਲਗਦਾ ਹੈ ਕਿ ਜਿਤਸ਼ਤਰੂ ਇਕ ਵਿਸ਼ੇਸ਼ਕ ਹੈ।

**ਆਰਥਿਕ ਸਥਿਤੀ**—ਉਸ ਸਮੇ ਵਿਉਪਾਰ ਬਹੁਤ ਜ਼ੋਰ-ਸ਼ੋਰ ਨਾਲ ਹੁੰਦਾ ਸੀ। ਸ਼੍ਰਾਵਕ ਲੋਕ ਵਿਦੇਸ਼ਾਂ ਵਿਚ ਵਿਉਪਾਰ ਕਰਦੇ ਸਨ ਧਨ ਸੰਭਾਲ ਕੇ ਰਖਣ ਦਾ ਢੰਗ ਬੜਾ ਅਜੀਬ ਸੀ। ਕੁਝ ਧਨ ਵਿਉਪਾਰ ਵਿਚ ਲਾਇਆ ਜਾਂਦਾ ਸੀ। ਕੁਝ ਖ਼ਜ਼ਾਨੇ ਵਿਚ ਰਖਿਆ ਜਾਂਦਾ ਸੀ। ਕੁਝ ਘਰ ਦੇ ਸਾਜ ਸਮਾਨ ਦੇ ਰੂਪ ਵਿਚ ਰਖਿਆ ਜਾਂਦਾ ਸੀ।

ਉਸ ਸਮੇ ਵਿਉਪਾਰ ਤੋਂ ਛੁਟ ਲੋਕ ਖੇਤੀ ਬਾੜੀ ਜ਼ੋਰਾਂ ਤੇ ਕਰਦੇ ਸਨ। ਜ਼ਮੀਨ ਨੂੰ ਮਾਪਨ ਲਈ ਹਲ ਦਾ ਹਿਸਾਬ ਲਾਇਆ ਜਾਂਦਾ ਸੀ ਇਕ ਹਲ ਹੇਠ 100 ਬਿਘੇ ਜ਼ਮੀਨ ਮੰਨੀ ਜਾਂਦੀ ਸੀ। ਲੋਕ ਪਸ਼ੂਆਂ ਨੂੰ ਬਹੁਤ ਪਾਲਦੇ ਸਨ। ਪਸ਼ੂਆਂ ਦਾ ਹਿਸਾਬ ਰਖਣ ਦੇ ਢੰਗ ਨੂੰ ਬ੍ਰਿਜ ਆਖਿਆ ਜਾਂਦਾ ਸੀ। 100000 ਪਸ਼ੂਆਂ ਦਾ ਇਕ ਬ੍ਰਿਜ ਹੁੰਦਾ ਸੀ।

ਬੈਲ ਗੱਡੀਆਂ, ਨੌਕਾਵਾਂ, ਜਹਾਜ਼ ਰਥ ਆਦਿ ਦਾ ਇਸਤੇਮਾਲ ਕੀਤਾ ਜਾਂਦਾ ਸੀ। ਉਸ ਸਮੇ ਦਾਸ ਪ੍ਰਥਾ ਆਮ ਸੀ।

ਉਸ ਸਮੇ ਕਈ ਲੋਕ ਡੰਗਰਾਂ ਤੇ ਪੁਰਸ਼ਾਂ ਨੂੰ ਨਪੁੰਸਕ ਕਰਨ ਦਾ ਕੰਮ ਕਰਦੇ ਸਨ। ਕਈ ਲੋਕ ਪਸ਼ੂਆਂ ਅਤੇ ਮਜ਼ਦੂਰਾਂ ਤੇ ਬਹੁਤ ਭਾਰ ਲੱਦ ਦਿਆ ਕਰਦੇ ਸਨ। ਪਸ਼ੂਆਂ ਦੀ ਖ਼ੁਰਾਕ ਵਲ ਲੋਕ ਬਹੁਤ ਘਟ ਧਿਆਨ ਦਿੰਦੇ ਸ਼ਨ।

ਉਸ ਸਮੇ ਕਈ ਲੋਕ ਕੋਲੇ ਬਨਾ ਕੇ ਵੇਚਣ ਦਾ ਕੰਮ ਕਰਦੇ ਸਨ। ਕਈ ਹਰੇ ਭਰੇ ਜੰਗਲਾਂ ਨੂੰ ਕਟ ਦਿੰਦੇ ਸਨ। ਕਈ ਲੋਕ ਗੱਡੇ ਤੇ ਰਥ ਬਨਾਉਣ ਦਾ ਕੰਮ ਕਰਦੇ ਸਨ।

ਕਈ ਲੋਕ ਕਿਰਾਏ ਤੇ ਪਸ਼ੂਆਂ ਤੇ ਮਨੁੱਖਾਂ ਨੂੰ ਭਾਰ ਢੋਣ ਲਈ ਦੇ ਦਿੰਦੇ ਸਨ। ਖਾਨ ਵਿਚ ਧਾਤ ਕੱਢਣ ਦਾ ਕੰਮ ਆਮ ਸੀ।

ਇਸੇ ਪ੍ਰਕਾਰ ਦੰਦ, ਲਾਖ, ਸ਼ਰਾਬ, ਜ਼ਹਿਰ, ਬਾਲ ਕੋਹਲੂ ਚਕੀ ਚਲਾਉਣ ਦਾ ਕੰਮ ਜੰਗਲ ਵਿਚ ਅੱਗ ਲਾਉਣ ਦਾ ਕੰਮ, ਤਲਾਓ ਸੁਕਾਉਣ ਦਾ ਕੰਮ, ਬੁਰੇ ਕੰਮਾਂ ਲਈ ਵੇਸ਼ਯਾ ਵਿਰਤੀ ਕਰਾਉਣਾ, ਹਿੰਸਕ ਜਾਨਵਰ ਪਾਲਣ ਦਾ ਕੰਮ ਵਿਉਪਾਰ ਪੱਧਰ ਤੇ ਕੀਤਾ ਜਾਂਦਾ ਸੀ।

ਉਸ ਸਮੇ ਸਿਕੇ ਦਾ ਨਾਂ ਹਿਰਣ ਜਾਂ ਸਵਰਨ ਸੀ। ਇਹ 32 ਰੱਤੀ ਦਾ ਹੁੰਦਾ ਸੀ ਉਸ ਸਮੇ ਸੁਵਰਨ ਮਾਸੇ, ਕਾਰਸਾਰਪਣ, ਮਾਸਕ, ਅਰਧਮਾਸਕ, ਰੁਪਕ, ਪਣਿਕ, ਪਾਯਕਕੇ, ਕਵੜਗ, ਕਾਕਣੀ, ਦਰੁਮ, ਦੀਨਾਰ, ਕੇਵਰਿਗ, ਸਾਮਰਕ ਨਾਂ ਦੇ ਸਿਕਿਆਂ ਦਾ ਵਰਨਣ ਵੀ ਮਿਲਦਾ ਹੈ।

# ਸ਼ਹਿਰਾਂ ਦਾ ਵਰਨਣ

ਸ੍ਰੀ ਉਪਾਸਕ ਦਸਾਂਗਸੂਤਰ ਵਿਚ ਜਿਨ੍ਹਾਂ ਸ਼ਹਿਰਾਂ ਦਾ ਵਰਨਣ ਆਇਆ ਹੈ ਹੁਣ ਅਸੀਂ ਉਹਨਾਂ ਦੀ ਭੂਗੋਲਿਕ ਸਥਿਤੀ ਬਾਰੇ ਵਿਚਾਰ ਕਰਦੇ ਹਾਂ।

1 **ਚੰਪਾ**—ਭਗਵਾਨ ਮਹਾਵੀਰ ਨੇ ਤੇਰ੍ਹਵਾਂ ਚੌਮਾਸਾ ਇਥੇ ਕੀਤਾ ਸੀ, ਇਹ ਅੰਗ ਦੇਸ਼ ਦੀ ਰਾਜਧਾਨੀ ਸੀ। ਅਜ-ਕਲ ਜ਼ਿਲਾ ਭਾਗਲਪੁਰ ਕੋਲ ਚੰਪਾਪੁਰ ਨਾਂ ਦਾ ਪਿੰਡ ਗਗਾ ਦੇ ਕਿਨਾਰੇ ਵਸਿਆ ਹੋਇਆ ਹੈ।

2. **ਬਣਿਆਗਰਾਮ**—ਇਥੇ ਭਗਵਾਨ ਮਹਾਵੀਰ ਨੇ 15ਵਾਂ ਚੌਮਾਸਾ ਕੀਤਾ ਸੀ। ਇਹ ਵੈਸ਼ਾਲੀ ਦਾ ਇਕ ਉਪਭਾਗ ਸੀ। ਅਜਕਲ ਦੇ ਜ਼ਿਲਾ ਮੁਜ਼ਫਰਪੁਰ ਕੋਲ ਵਸਾੜ ਪਿੰਡ ਹੀ ਵੈਸ਼ਾਲੀ ਹੈ। ਇਸ ਤੋਂ ਕੁਝ ਦੂਰ ਅਜ ਕਲ ਬਾਣਿਆ ਨਾਂ ਦਾ ਪਿੰਡ ਹੈ ਇਥੇ ਦਾ ਰਾਜ ਗਣਤੰਤਰ ਸੀ। ਗਣਤੰਤਰ ਦਾ ਮੁਖੀ ਚੇਟਕ ਰਾਜਾ ਸੀ ਜੋ ਭਗਵਾਨ ਮਹਾਵੀਰ ਦਾ ਨਾਨਾ ਜਾਂ ਮਾਮਾ ਸੀ।

3. **ਵਾਰਾਣਸੀ**—ਅਜ ਕਲ ਉਤਰ ਪ੍ਰਦੇਸ਼ ਵਿਚ ਗੰਗਾ ਦੇ ਕਿਨਾਰੇ ਵਸਿਆ ਬਨਾਰਸ ਸ਼ਹਿਰ ਹੀ ਵਾਰਾਣਸੀ ਹੈ ਭਗਵਾਨ ਮਹਾਵੀਰ ਨੇ ਆਪਣਾ 18ਵਾਂ ਚੌਮਾਸਾ ਇਥੇ ਕੀਤਾ ਸੀ।

4. **ਆਲਭਿਆ**—ਆਲਭਿਆ ਦਾ ਜ਼ਿਕਰ ਦੇਹ ਤੇ ਰਾਜਧਾਨੀ ਦੋਹਾਂ ਰੂਪਾਂ ਵਿਚ ਮਿਲਦਾ ਹੈ ਇਹ ਸ਼੍ਰਾਵਸਤੀ ਤੋਂ 30 ਯੋਜਨ ਤੇ ਬਨਾਰਸ ਤੇ 12 ਯੋਜਨ ਸੀ ਈਟਾਵਾ ਤੋਂ 27 ਮੀਲ ਉੱਤਰ ਪੂਰਵ ਵਿਚ ਆਇਵਾ ਨਾਂ ਦਾ ਪਿੰਡ ਹੀ ਆਲਭਿਆ ਹੈ।

5. **ਕੰਪਲਪੁਰ**—ਭਗਵਾਨ ਮਹਾਵੀਰ ਨੇ ਆਪਣਾ 21ਵਾਂ ਚੌਮਾਸਾ ਇਥੇ ਕੀਤਾ ਸੀ। ਇਸ ਨੂੰ ਉੱਤਰੀ ਪੰਜਾਲ ਦੇਸ਼ ਦੀ ਰਾਜਧਾਨੀ ਮੰਨਿਆ ਜਾਂਦਾ ਹੈ ਅਜਕਲ ਫਰੁਖਾਬਾਦ ਦੇ ਕੋਲ ਕੰਪਿਲ ਨਾਂ ਦਾ ਪਿੰਡ ਹੀ ਕਪਿਲਪੁਰ ਹੈ।

7. **ਪੋਲਾਸਪਰ**—ਇਸ ਨਗਰ ਬਾਰੇ ਕੁਝ ਪਤਾ ਨਹੀਂ, ਪਰ ਲਗਦਾ ਹੈ ਕਿ ਇਹ ਵੀ ਪੰਚਾਲ ਦੇਸ਼ ਵਿਚ ਹੋਵੇਗਾ।

8. **ਸ਼੍ਰਾਵਸਤੀ**—ਇਹ ਕੋਸ਼ਲ ਦੇਸ਼ ਦੀ ਰਾਜਧਾਨੀ ਸੀ। ਅਜ ਕਲ ਜ਼ਿਲਾ ਮੇਰਠ ਦੇ ਕਰੀਬ ਸੇਹਠ ਮਹੇਠ ਨਾਂ ਦੇ ਪਿੰਡ ਵਿਚ ਇਸ ਸ਼ਹਿਰ ਦੇ ਖੰਡਰ ਸਨ ਇਹ ਆਜੀਵਕ ਫਿਰਕੇ ਵਾਲਿਆਂ ਦਾ ਬਹੁਤ ਬੜਾ ਕੇਂਦਰ ਸੀ।

9. **ਰਾਜਗ੍ਰਹਿ**—ਇਥੇ ਭਗਵਾਨ ਮਹਾਵੀਰ ਨੇ ਸਭ ਤੋਂ ਜਿਆਦਾ ਚੌਮਾਸੇ ਕੀਤੇ। ਇਥੋਂ ਦਾ ਰਾਜਾ ਸ਼੍ਰੇਣਿਕ ਭਗਵਾਨ ਮਹਾਵੀਰ ਦਾ ਧਰਮ ਉਪਾਸਕ ਸੀ ਅਜ ਕਲ ਜਿਲਾ ਨਾਲੰਦਾ ਵਿਖੇ ਰਾਜਗਿਰਾ ਹੀ ਪੁਰਾਣਾ ਰਾਜਗ੍ਰਹਿ ਹੈ।

# ਜੈਨ ਸੰਸਕ੍ਰਿਤੀ ਦੀ ਇਕ ਝਲਕ

ਭਾਰਤੀ ਸੰਸਕ੍ਰਿਤੀ ਦੀ ਵਿਚਾਰਧਾਰਾ ਨੂੰ ਪ੍ਰਮੁਖ ਰੂਪ ਵਿਚ ਅਸੀਂ ਦੋ ਭਾਗਾਂ ਵਿਚ ਵੰਡ ਸਕਦੇ ਹਾਂ (1) ਵੈਦਿਕ (2) ਸ਼੍ਰਮਣ। ਵੈਦਿਕ ਪਰੰਪਰਾ ਯੋਗ, ਵਰਨ ਆਸ਼੍ਰਮ, ਜ਼ਾਤ ਪਾਤ, ਦੇਵੀ ਦੇਵਤਿਆਂ ਅਤੇ ਵੇਦਾਂ ਵਿਚ ਵਿਸ਼ਵਾਸ ਰਖਦੀ ਸੀ। ਸ਼੍ਰਮਣ ਪਰੰਪਰਾ ਯੋਗ, ਧਿਆਨ, ਵਰਤ, ਕਰਮ ਵਿਚਾਰ ਧਾਰਾ, ਤਪੱਸਿਆ, ਪੁਨਰ ਜਨਮ ਨਿਰਵਾਣ ਵਿਚ ਵਿਸਵਾਸ ਰਖਦੀ ਸੀ।

ਆਰੀਆਂ ਦੇ ਭਾਰਤ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਜੋ ਵਿਕਾਸ ਭਰਪੂਰ ਸਭਿਅਤਾ ਇਸ ਧਰਤੀ ਤੇ ਫੈਲੀ ਹੋਈ ਸੀ ਅਤੇ ਜਿਨ੍ਹਾਂ ਲੋਕਾਂ ਨਾਲ ਆਰੀਆ ਜਾਤੀ ਦਾ ਯੁੱਧ ਹੋਇਆ ਉਹ ਇਹ ਸ਼੍ਰਮਣਾਂ ਦੀ ਹੀ ਸਭਿਅਤਾ ਸੀ। ਸ਼੍ਰਮਣਾਂ ਦੇ ਪ੍ਰਮੁਖ ਰੂਪ ਵਿਚ ਕਈ ਸੰਪਰਦਾਏ ਰਹੇ ਹਨ—ਜਿਨ੍ਹਾਂ ਵਿਚੋਂ ਜੈਨ, (ਨਿਰਗਰੰਥ) ਬੋਧ, ਆਜੀਵਕ, ਗੈਰਿਕ, ਤਾਪਸ ਆਦਿ ਪ੍ਰਸਿਧ ਸਨ।

ਸਾਂਖਯ ਦਰਸ਼ਨ ਵੀ ਵੈਦਿਕ ਵਿਚਾਰਧਾਰਾ ਦਾ ਪ੍ਰਮੁਖ ਵਿਰੋਧੀ ਸੀ। ਉਸ ਦਰਸ਼ਨ ਨੇ ਕਠ, ਸਵੇਤਾਸੁਵਰ, ਪ੍ਰਸ਼ਨ ਮੈਤਰਯਾਣੀ ਜੇਹੇ ਪੁਰਾਤਨ ਉਪਨਿਸ਼ਧ ਨੂੰ ਪ੍ਰਭਾਵਿਤ ਕੀਤਾ ਸੀ। ਅੱਜ ਕਲ ਗੈਰੀਕ, ਤਾਪਸ ਤਾਂ ਵੈਦਿਕ ਪਰੰਪਰਾ ਵਿਚ ਮਿਲ ਗਏ ਹਨ। ਅਜੀਵਕ ਸੰਪਰਦਾਏ ਵੀ ਅਜ ਕਲ ਖਤਮ ਹੋ ਗਿਆ ਹੈ। ਅਜ ਕਲ ਸ਼੍ਰਮਣਾਂ ਦੀਆਂ ਦੋ ਪ੍ਰਮੁਖ ਵਿਚਾਰਧਾਰਾਂ ਹੀ ਬਚ ਗਈਆਂ ਹਨ (1) ਜੈਨ ਅਤੇ (2) ਬੁਧ।

## ਜੈਨ ਤੇ ਬੁੱਧ

ਇਨ੍ਹਾਂ ਵਿਚੋਂ ਜੈਨ ਵਿਚਾਰਧਾਰਾ ਭਾਰਤ ਦੀ ਸਭ ਤੋਂ ਪੁਰਾਤਨ ਵਿਚਾਰਧਾਰਾ ਹੈ। ਇਸ ਗਲ ਦੀ ਗਵਾਹੀ ਹੜੱਪਾ ਤੇ ਮੋਹਨਜੋਦੜੋਂ ਦੀਆਂ ਸਭਿਅਤਾਵਾਂ ਦਿੰਦੀਆਂ ਹਨ। ਭਾਵੇਂ ਅਜ ਤਕ ਉਸ ਲਿਪਿ ਨੂੰ ਪੂਰੀ ਤਰ੍ਹਾਂ ਨਹੀਂ ਪੜ੍ਹਿਆ ਜਾ ਸਕਿਆ ਪਰ ਮੋਹਨਜੋਦੜੋਂ ਤੋਂ ਪ੍ਰਾਪਤ ਧਿਆਨ ਵਿਚ ਬੈਠੇ ਯੋਗੀ ਦੀਆਂ ਮੂਰਤੀਆ ਇਸ ਗੱਲ ਦੀ ਗਵਾਹੀ ਦਿੰਦੀਆਂ ਹਨ ਕਿ ਆਰੀਆ ਤੋਂ ਪਹਿਲਾ ਜੋ ਸਭਿਅਤਾ ਭਾਰਤ ਵਿਚ ਨਿਵਾਸ ਕਰਦੀ ਸੀ ਉਹ ਸ਼੍ਰਮਣ ਸੰਸਕ੍ਰਿਤੀ ਦਾ ਹੀ ਇਕ ਪ੍ਰਮੁਖ ਅੰਗ ਸੀ ਅਤੇ ਇਸੇ ਸਭਿਅਤਾ ਦਾ ਆਰੀਆਂ ਨੇ ਵਿਨਾਸ਼ ਕੀਤਾ ਸੀ। ਹੁਣ ਅਸੀਂ ਭਾਰਤ ਦੇ ਪੁਰਾਤਨ ਇਤਿਹਾਸ ਤੋਂ ਇਸ ਸਬੰਧੀ ਜਾਨਕਾਰੀ ਹਾਸਲ ਕਰਨ ਦੀ ਕੋਸ਼ਿਸ਼ ਕਰਾਂਗੇ।

---

(1) ਪ੍ਰਵਚਨ ਸਾਰੋ ਦਵਾਰ ਗਾਥਾ 731-33।

ਵੇਦ ਸੰਸਾਰ ਦੀ ਸਭ ਤੋਂ ਪੁਰਾਤਨ ਪੁਸਤਕ ਹੈ। ਇਸ ਵਿਚੋਂ ਰਿਗਵੇਦ ਕਾਫੀ ਮਹੱਤਵ ਪੂਰਨ ਹੈ। ਇਸ ਵੇਦ ਵਿਚ ਉਸ ਸਮੇਂ ਦੇ ਪੁਰਾਤਨ ਧਰਮ ਦੀ ਰੂਪ ਰੇਖਾ ਦਾ ਪਤਾ ਲਗਦਾ ਹੈ। ਰਿਗਵੇਦ ਵਿਚ 'ਵਾਤਰਸਨਾ ਮਨੀ' ਦਾ ਵਰਨਣ ਇਸ ਪ੍ਰਕਾਰ ਮਿਲਦਾ ਹੈ "ਮੁਨੀ ਦੀ ਭਾਵਨਾ ਨਾਲ ਰੰਗੇ ਅਸੀਂ ਹਵਾ ਵਿਚ ਸਥਿਤ ਹੋ ਗਏ ਹਾਂ। ਦੋਸਤੋ ਤੁਸੀਂ ਸਾਡਾ ਸ਼ਰੀਰ ਹੀ ਵੇਖਦੇ ਹੋ"।[1]

ਤੈਤਰੀਆਰਯਨਕ ਨੇ ਸ਼੍ਰਮਣਾਂ ਨੂੰ ਹੀ ਵਾਤਰਸ਼ਨਾ ਰਿਸ਼ੀ ਤੇ ਉਰਧਮੰਥੀ (ਬ੍ਰਹਮਚਾਰੀ) ਆਖਿਆ ਹੈ।

वातरशना ह् वा ऋषय: श्रमणा उर्ध्वमन्थिनो बभूवु:

(2/7/1 ਸਫਾ 137)

ਇਹ ਸ਼੍ਰਮਣ ਪਹਿਲੇ ਤੀਰਥੰਕਰ ਭਗਵਾਨ ਰਿਸ਼ਵਦੇਵ ਦੇ ਚੇਲੇ ਸਨ। ਇਸ ਗੱਲ ਦਾ ਸਮਰਥਨ ਸ਼੍ਰੀਮਦ ਭਾਗਵਤ (5/3/20) ਵਿਚ ਇਸ ਪਰਕਾਰ ਮਿਲਦਾ ਹੈ 'ਭਗਵਾਨ ਰਿਸ਼ਵ ਸ਼੍ਰਮਣਾਂ, ਰਿਸ਼ੀਆਂ ਤੇ ਬ੍ਰਹਮਚਾਰੀਆਂ ਦਾ ਧਰਮ ਪ੍ਰਗਟ ਕਰਨ ਲਈ ਸ਼ੁਕਲ ਧਿਆਨ ਦੇ ਰੂਪ ਵਿਚ ਪ੍ਰਗਟ ਹੋਏ"।[2]

ਸ਼੍ਰਮਣਾਂ ਦਾ ਵਰਨਣ ਬ੍ਰਹਦ ਆਰਨਯਕ ਉਪਨਿਸ਼ਧ[3] ਤੇ ਰਮਾਇਨ[4] ਵਿਚ ਵੀ ਮਿਲਦਾ ਹੈ।

ਰਿਗਵੇਦ ਵਿਚ ਸ਼੍ਰਮਣਾ ਲਈ ਕੇਸ਼ੀ ਸ਼ਬਦਾਂ ਦਾ ਵਰਨਣ ਵੀ ਮਿਲਦਾ ਹੈ। ਕੇਸ਼ੀ ਭਗਵਾਨ ਰਿਸ਼ਵਦੇਵ ਦਾ ਹੀ ਇਕ ਨਾਂ ਹੈ। ਰਿਗਵੇਦ ਵਿਚ ਕੇਸ਼ੀ ਤੇ ਰਿਸ਼ਵਦੇਵ ਦਾ ਵਰਨਣ ਇਕੱਠਾ ਹੀ ਮਿਲਦਾ ਹੈ।[5]

ਅਥਰਵਵੇਦ ਜਿਸ ਵਿਚ 'ਵਰਾਤਿਆ' (व्रात्य) ਕਾਂਡ ਦਾ ਵਰਨਣ ਹੈ ਉਸਦੀ ਤੁਲਨਾ ਭਗਵਾਨ ਰਿਸ਼ਵਦੇਵ ਦੀ ਤਪੱਸਿਆ ਨਾਲ ਕੀਤੀ ਜਾ ਸਕਦੀ ਹੈ। ਵਰਾਤਿਆ ਬਾਰੇ ਪ੍ਰਸਿਧ ਵੇਦਾਂ ਦੇ ਟੀਕਾਕਾਰ ਸ਼੍ਰੀ ਸਾਯਨ ਦਾ ਕਥਨ ਹੈ "ਉਹ ਵਿਦਿਆ ਨਾਲ ਭਰਪੂਰ, ਮਹਾਨ ਅਧਿਕਾਰ ਵਾਲੇ ਪੁੰਨ ਪ੍ਰਤਾਪ ਵਾਲੇ, ਸੰਸਾਰ ਰਾਹੀਂ ਪੂਜਨ ਯੋਗ ਤੇ ਪ੍ਰਮੁਖ ਬ੍ਰਾਹਮਣ ਹਨ। ਇਹ ਵੈਦਿਕ ਸੰਸਕਾਰਾਂ ਤੋਂ ਰਹਿਤ ਹਨ"।

---

(1) ਰਿਗਵੇਦ 10/11/136/2।

(2) धर्मान् दर्शयितुकामो वातरशनानां श्रमणानामृषीणामूर्ध्वमन्थिनां शुक्लतया तदन्ववततार।

(3) ਬ੍ਰਹਦਾਰ ਨਕ ਉਪਨਿਸ਼ਧ 4/3/22।

(4) ਬਾਲਕਾਂਡ ਸਰਗ 14/22।

तापसा भुञ्जते चापि श्रमणा भुञ्जते तथा

(5) ਰਿਗਵੇਦ 10/9/102/6।

"ਜੇ ਕੋਈ 'ਵਰਾਤਿਆ' ਤਪੱਸਵੀ ਤੇ ਵਿਦਵਾਨ ਹੋਵੇ ਉਹ ਤਾਂ ਸਤਿਕਾਰ ਜਰੂਰ ਪਾਵੇਗਾ ਅਤੇ ਪਰਮਾਤਮਾ ਦੀ ਤਰ੍ਹਾਂ ਪੂਜਿਆ ਜਾਵੇਗਾ ਭਾਵੇਂ ਬ੍ਰਾਹਮਣ ਉਸ ਨਾਲ ਗੁੱਸਾ ਹੀ ਰੱਖਣ।"[1]

ਰਿਗਵੇਦ ਵਿਚ ਭਗਵਾਨ ਰਿਸ਼ਵਦੇਵ ਦਾ ਕਾਫੀ ਜ਼ਿਕਰ ਆਉਂਦਾ ਹੈ।[2] ਕਈ ਲੋਕ ਇਨ੍ਹਾਂ ਸ਼ਬਦਾਂ ਦੇ ਅਰਥ ਬਦਲ ਦਿੰਦੇ ਹਨ।

ਰਿਗਵੇਦ ਵਿਚ ਸ਼੍ਰਮਣ ਸੰਸਕ੍ਰਿਤੀ ਦਾ ਇਕ ਬਹੁਤ ਹੀ ਪਿਆਰਾ ਸ਼ਬਦ 'ਅਰਹਨ' ਵੀ ਮਿਲਦਾ ਹੈ। ਅਰਹਨ ਤੋਂ ਭਾਵ ਹੈ ਰਾਗ ਦਵੇਸ਼ ਨੂੰ ਜਿੱਤ ਕੇ ਸਰਵੱਗ ਬਨਣ ਵਾਲਾ। ਇਹ ਸ਼ਬਦ ਆਮ ਤੌਰ ਤੇ ਤੀਰਥੰਕਰਾਂ ਲਈ ਵਰਤਿਆ ਜਾਂਦਾ ਹੈ।[3]

ਵੈਦਿਕ ਲੋਕ ਵੀ 'ਅਰਹਨ' ਸ਼ਬਦ ਜੈਨ ਧਰਮ ਲਈ ਹੀ ਸਮਝਦੇ ਰਹੇ ਹਨ। 'ਹਨੂਮਾਨ ਨਾਟਕ' ਵਿਚ ਆਖਿਆ ਗਿਆ ਹੈ :

अर्हन्नित्यथ जैनशासनरता: ।

ਆਰੀਆ ਦੇ ਭਾਰਤ ਆਉਣ ਤੋਂ ਪਹਿਲਾਂ ਜੋ ਜਾਤੀਆਂ ਭਾਰਤ ਵਿਚ ਰਹਿੰਦੀਆਂ ਸਨ ਉਨ੍ਹਾਂ ਵਿਚ ਨਾਗ, ਦਰਾਵਿੜ ਅਤੇ ਅਸੁਰ ਬਹੁਤ ਪ੍ਰਸਿਧ ਹਨ। ਦਾਸ ਲੋਕ ਇੰਨੇ ਵਿਕਾਸ ਸ਼ੀਲ ਨਹੀਂ ਸਨ। ਇਨ੍ਹਾਂ ਜਾਤੀਆਂ ਨਾਲ ਹੀ ਆਰੀਆ ਦੇ ਕਈ ਯੁੱਧ ਹੋਏ।

ਪੁਰਾਨਾਂ[4] ਵਿਚ ਜਗ੍ਹਾ ਜਗ੍ਹਾ ਇਹ ਲਿਖਿਆ ਗਿਆ ਹੈ ਕਿ ਅਸੁਰ ਲੋਕ ਅਰਿਹੰਤਾਂ ਦੇ ਉਪਾਸਕ ਸਨ।

---

(1) i) ਅਥਰਵਵੇਦ ਸਾਯਨ ਭਾਸ਼ਯ 15/1/1/1।
कश्चिद् विद्वत्तमं
महाधिकारं पुण्यशीलं विश्वसमान्यं ब्रह्माणविशिष्टे व्रात्यमनुलक्ष्य
वचनमिति मन्तव्यम् ।

ii) 15/1/1/1।

(2) ਰਿਗਵੇਦ 1/24/140/1-2/4/33/15-5/2/28-4
6/1/1/8,—6/2-19-11,—10-12-166-1।

(3) ਰਿਗਵੇਦ 2-4-33-10।

(4) ਵਿਸ਼ਨੂੰ ਪੁਰਾਣ 3/17/18।
ਪਦਮ ਪੁਰਾਨ ਸ੍ਰਿਸ਼ਟੀ ਖੰਡ ਅਧਿਆਏ 13/170-410।
ਮਤਸਯ ਪੁਰਾਨ 24/43-49।
ਦੇਵੀ ਭਾਗਵਤ 4/13/54-57।

ਵਿਸ਼ਨੂੰ ਪੁਰਾਣ ਵਿਚ ਮਾਯਾ ਮੋਹ ਨਾਂ ਦੇ ਜੈਨ ਭਿਕਸ਼ੂ ਨੇ ਅਸੁਰਾ ਨੂੰ ਅਰਿਹੰਤ ਧਰਮ ਦੀ ਦੀਖਿਆ ਦਿਤੀ। ਉਹ ਵੇਦਾਂ ਵਿਚ ਵਿਸ਼ਵਾਸ ਨਹੀਂ ਰਖਦਾ ਸੀ। ਉਹ ਅਨੇਕਾਂਤ ਵਾਦ ਵਿਚ ਵਿਸ਼ਵਾਸ ਰਖਦਾ ਸੀ।[2]

ਉਪਨਿਸ਼ਦਾਂ ਵਿਚ ਇਹ ਵਰਨਣ ਵੀ ਕੀਤਾ ਗਿਆ ਹੈ ਕਿ ਆਤਮ ਵਿਦਿਆ ਦੇ ਮਾਲਿਕ ਸਭ ਤੋਂ ਪਹਿਲਾਂ ਖਤਰੀ ਸਨ। ਇਨ੍ਹਾਂ ਖਤਰੀਆਂ ਦੇ ਮੁਖੀ ਦਾ ਨਾਂ ਹੀ ਰਿਸ਼ਵਦੇਵ ਸੀ[3] ਜੋ ਨਾਭੀ ਤੇ ਮਰੂਦੇਵੀ ਦੇ ਪੁੱਤਰ ਸਨ। ਇਹ ਆਤਮ ਵਿਦਿਆ, ਯੱਗ, ਜਾਤ ਪਾਤ ਤੋਂ ਰਹਿਤ ਸੀ। ਇਸ ਵਿਦਿਆ ਵਿਚ ਧਿਆਨ ਤੇ ਤਪੱਸਿਆ ਹੀ ਪ੍ਰਧਾਨ ਸੀ।

ਵੇਦ ਤੇ ਉਪਨਿਸ਼ਦਾਂ ਤੋਂ ਛੁੱਟ ਮਹਾਭਾਰਤ ਵਿਚ ਵੀ ਭਗਵਾਨ ਰਿਸ਼ਵਦੇਵ ਦਾ ਵਰਨਣ ਹੈ।[4]

## ਜੈਨ ਤੀਰਥੰਕਰ

ਜੈਨ ਪਰੰਪਰਾ ਵਿਚ 24 ਤੀਰਥੰਕਰ ਮੰਨੇ ਜਾਂਦੇ ਹਨ। ਕਈ ਇਤਿਹਾਸਕਾਰ ਉਨ੍ਹਾਂ ਦੀ ਹੋਂਦ ਵਾਰੇ ਸ਼ਕ ਪ੍ਰਗਟ ਕਰਦੇ ਹਨ। ਕਈ ਲੋਕ ਜੈਨ ਤੇ ਬੁਧ ਧਰਮ ਨੂੰ ਵੈਦਿਕ ਧਰਮ ਵਿਰੁਧ ਇਕ ਬਗਾਵਤ ਸਮਝਦੇ ਹਨ। ਕਈ ਲੋਕ ਮਹਾਵੀਰ ਨੂੰ ਗੌਤਮ ਬੁਧ ਦਾ ਚੇਲਾ ਜਾ ਗੌਤਮ ਬੁਧ ਨੂੰ ਮਹਾਵੀਰ ਦਾ ਚੇਲਾ ਆਖਦੇ ਹਨ।

ਜੈਨ ਧਰਮ ਵਿਚ 6 ਆਰੇ ਮੰਨੇ ਜਾਂਦੇ ਹਨ। ਹਰ ਯੁਗ ਵਿਚ ਚੌਵੀ ਤੀਰਥੰਕਰ ਹੁੰਦੇ ਹਨ। ਵਰਤਮਾਨ ਸਮੇਂ ਹੋਏ ਤੀਰਥੰਕਰਾਂ ਬਾਰੇ ਜਿਥੇ ਵੇਦਾਂ ਵਿਚ ਵਰਨਣ ਮਿਲਦਾ ਹੈ ਉਥੇ ਪੁਰਾਣਾਂ[1] ਮਹਾਭਾਰਤ[2] ਤੇ ਬੋਧੀ ਗਰੰਥਾਂ ਵਿਚ ਕਾਫੀ ਜਾਨਕਾਰੀ ਮਿਲਦੀ ਹੈ ਡਾ: ਰਾਧਾ

---

(2) ਵਿਸ਼ਨੂੰ ਪੁਰਾਨ 3/18/12—13-14—3/18/27
3/18/25—3/18/28-29—3/18/8-11।

(3) ੳ) ਵਾਯੂ ਪੁਰਾਣ ਪੁਰਵ ਅਰਧ 33।50।
ਅ) ਬ੍ਰਹਮਾਂਡ ਪੁਰਾਣ ਪੁਰਵ ਅਰਧ ਅਨੁਸ਼ਪਾਦ 14।60।

(4) ऋषभादीनां महायोगिनामाचारादिष्वेव
अर्हतादयो मोहिता:।
ਮਹਾਂਭਾਰਤ ਸਾਂਤੀ ਪੁਰਵ ਮੋਕਸ਼ ਧਰਮ ਅਧਿਆਏ 263/20।

(1) ਜੈ: ਸਾ: ਈ: ਪੁ: ਪੰਨਾ 108।
(2) ਦੀਰਘ ਨਿਕਾਣੇ 1/1 (5-15) 1/2 (21)

ਕ੍ਰਿਸ਼ਨ ਨੇ ਯਜੁਰਵੇਦ ਵਿਚ ਰਿਸ਼ਵ, ਅਜੀਤ ਅਤੇ ਅਰਿਸ਼ਟਨੇਮੀ ਦੀ ਹੋਂਦ ਦੀ ਸੂਚਨਾ ਦਿਤੀ ਹੈ।

ਬੋਧ ਗਰੰਥ ਅਗੁੰਤਰਨਿਕਾਏ ਵਿਚ ਅਰਕ ਨਾਮ ਦੇ ਤੀਰਥੰਕਰ ਦਾ ਵਰਨਣ ਹੈ[2]। ਇਸੇ ਪ੍ਰਕਾਰ ਬੁਧ ਥੇਰਗਾਥਾ ਵਿਚ ਅਜੀਤ ਨਾਂ ਦੇ ਪ੍ਰਤਯੇਕ ਬੁਧ ਦਾ ਵਰਨਣ ਹੈ।[3]

ਬੋਧ ਪਿਟਕਾਂ ਗਰੰਥਾਂ ਵਿਚ ਭਗਵਾਨ ਪਾਰਸ਼ ਨਾਥ ਦੇ ਚਤੁਰਯਾਮ ਧਰਮ ਦਾ ਵਰਨਣ ਹੈ। ਇਸ ਗਰੰਥ ਵਿਚ ਭਗਵਾਨ ਮਹਾਵੀਰ ਨੂੰ ਨਿਗਠੇ ਨਾਯ ਪੁਤ (ਨਿਰਗਰੰਥ ਗਿਆਤਾ ਪੁਤਰ) ਪੰਜਵੇਂ ਤੀਰਥੰਕਰ ਦੇ ਰੂਪ ਵਿਚ ਕਈ ਥਾਂ ਤੇ ਸਤਿਕਾਰ ਨਾਲ ਯਾਦ ਕੀਤਾ ਗਿਆ ਹੈ।

'ਸੌਰਸ਼ਨ' ਨੇ ਮਹਾਭਾਰਤ ਦੇ ਖਾਸ ਨਾਮਾਂ ਦਾ ਇਕ ਕੋਸ਼ ਬਨਾਇਆ ਹੈ। ਜਿਸ ਵਿਚ ਸੁਪਾਰਸ਼ਵ, ਚੰਦਰ ਤੇ ਸੁਮਤੀ ਤਿੰਨ ਤੀਰਥੰਕਰਾਂ ਦੇ ਨਾਵਾਂ ਦੀ ਸੂਚਨਾ ਮਿਲਦੀ ਹੈ। ਇਥੇ ਇਹ ਗੱਲ ਧਿਆਨ ਦੇਣ ਯੋਗ ਹੈ ਕਿ ਇਹ ਤਿੰਨੇ ਹੀ ਅਸੁਰ ਸਨ ਜੋ ਕਿ ਅਰਿਹੰਤ ਧਰਮ ਦੇ ਉਪਾਸਕ ਸਨ। ਇਨ੍ਹਾਂ ਤਿੰਨਾਂ ਨੂੰ ਅੰਸ਼ਾ ਅਵਤਾਰ ਮੰਨਿਆ ਗਿਆ ਹੈ। ਸੁਮਤੀ ਨਾਂ ਦੇ ਇਕ ਰਿਸ਼ੀ ਦਾ ਵਰਨਣ ਵੀ ਆਇਆ ਹੈ।

ਭਾਗਵਤ ਵਿਚ ਰਿਸ਼ਵਦੇਵ ਨੂੰ ਵਿਸ਼ਨੂੰ ਦਾ ਅਵਤਾਰ ਮੰਨਿਆ ਗਿਆ ਹੈ। ਅਵਤਾਰ ਦੇ ਰੂਪ ਵਿਚ ਤਾਂ ਨਹੀਂ, ਪਰ ਸ਼ਿਵ ਦੇ ਜੋ ਹਜ਼ਾਰਾਂ ਨਾਂ ਮਹਾਭਾਰਤ ਵਿਚ ਦਰਜ ਹਨ ਉਨ੍ਹਾਂ ਵਿਚ ਵਿਸ਼ਨੂੰ ਦੇ ਸ਼ਰੇਅੰਸ਼, ਅਨੰਤ, ਧਰਮ, ਸ਼ਾਂਤੀ ਤੇ ਸੰਭਵ ਨਾਂ ਵੀ ਦਿਤੇ ਗਏ ਹਨ। ਸ਼ਿਵ ਦੇ ਨਾਉਂ ਵਿਚ ਅਜਿਤ ਤੇ ਰਿਸ਼ਵ ਦੇ ਨਾਉਂ ਆਉਂਦੇ ਹਨ ਜੋ ਸਭ ਤੀਰਥੰਕਰਾਂ ਦੇ ਨਾਉਂ ਹਨ।[4]

'ਸ਼ਾਂਤੀ' ਵਿਸ਼ਨੂੰ ਦਾ ਨਾਂ ਵੀ ਕਿਹਾ ਗਿਆ ਹੈ। ਵਿਸ਼ਨੂੰ ਤੇ ਸ਼ਿਵ ਦਾ ਨਾਂ 'ਵਰਤ' ਵੀ ਹੈ। ਇਹ ਸਭ ਤੀਰਥੰਕਰਾਂ ਦੇ ਨਾਉਂ ਵੀ ਹਨ। ਇਨ੍ਹਾਂ ਨਾਵਾਂ ਦੀ ਮਹਾਨਤਾ ਇਸ ਕਰਕੇ ਬਹੁਤ ਹੈ ਕਿਉਂਕਿ ਇਹ ਵੇਦ ਵਿਰੋਧੀ ਅਸੁਰ ਸਨ। ਪੁਰਾਣਾਂ ਅਨੁਸਾਰ ਅਸੁਰ ਜੈਨ ਧਰਮ ਦੇ ਜਾਂ ਅਰਿਹੰਤਾਂ ਦੇ ਉਪਾਸਕ ਸਨ।

## ਜੈਨ ਸਾਹਿਤ ਦਾ ਦੂਸਰੇ ਸਾਹਿਤ ਤੇ ਅਸਰ

ਅੱਜ ਕਲ ਉਪਨਿਸ਼ਧਾਂ ਦਾ ਅਵੈਦਿਕ ਹਿੱਸਾ, ਗੀਤਾ, ਮਹਾਭਾਰਤ, ਸਾਂਖਯ ਦਰਸ਼ਨ ਉਪਰ ਸ਼੍ਰਮਣ ਸੰਸਕ੍ਰਿਤੀ ਦੀ ਬਹੁਤ ਡੂੰਘੀ ਛਾਪ ਹੈ। ਇਸੇ ਲਈ ਸ਼੍ਰੀ ਉੱਤਰਾਧਿਐਨ

(3) ਥੇਰ ਗਾਥਾ (1-20)।

(4) ਜੈਨ ਸਾਹਿਤ ਦਾ ਇਤਿਹਾਸ ਭਾਗ: 1 ਪੰਨਾ 23-24-25।

ਦੀਆਂ ਕਈ ਗਾਥਾਵਾਂ ਗੀਤਾ, ਮਹਾਭਾਰਤ ਤੇ ਬੋਧੀ ਗਰੰਥਾਂ ਵਿਚ ਮਿਲਦੀਆਂ ਹਨ। ਕਈ ਕਹਾਨੀਆਂ ਵੀ ਨਾਂ ਦੇ ਹੇਰ ਫੇਰ ਨਾਲ ਮਹਾਭਾਰਤ ਤੇ ਬੋਧੀ ਗਰੰਥਾਂ ਵਿਚ ਮਿਲਦੀਆਂ ਹਨ। ਸ਼੍ਰਮਣ ਪਰੰਪਰਾ ਦੀ ਸਭ ਤੋਂ ਬੜੀ ਦੇਨ ਧਿਆਨ, ਤਪੱਸਿਆ, ਵਰਤ ਆਦਿ ਦੀ ਮਹਾਨ ਪਰੰਪਰਾ ਹੈ। ਭਗਵਾਨ ਮਹਾਵੀਰ ਇਸੇ ਪਰੰਪਰਾ ਦੀ ਆਖਰੀ ਕੜੀ ਸਨ ਉਹ ਸੰਸਥਾਪਕ ਨਹੀਂ ਸ਼੍ਰਮਣ ਪਰੰਪਰਾ ਭਾਰਤ ਦੀ ਆਦ ਕਾਲ ਤੋਂ ਚਲੀ ਪਰੰਪਰਾ ਹੈ। ਇਹ ਯੱਗ ਵਿਰੋਧੀ ਹੈ ਜਾਤ ਪਾਤ ਤੋਂ ਰਹਿਤ ਹੈ। ਵਰਨ ਆਸ਼ਰਮ ਲਈ ਇਸ ਵਿਚ ਕੋਈ ਥਾਂ ਨਹੀਂ। ਵੇਦਾਂ ਵਿਚ ਵਰਨਣ ਕੀਤੇ ਅਸ਼ੁਰਾਂ ਦਾ ਧਰਮ ਇਸੇ ਨਾਲ ਸਬੰਧਿਤ ਹੈ।

## ਜੈਨ ਸਮਰਾਟ

ਇਹੋ ਪਰੰਪਰਾ ਨੂੰ ਅੱਗੇ ਚਲ ਕੇ ਭਾਰਤ ਦੇ ਕਈ ਮਹਾਨ ਰਾਜਿਆਂ ਬਿੰਵਸਾਰ, ਅਜਾਤਸ਼ਤਰੂ, ਚੰਦਰਗੁਪਤ ਮੌਰੀਆ, ਸੰਪ ਪ੍ਰਤਿ, ਕੁਨਾਲ, ਖਾਰਵੇਲ ਅਤੇ ਕੁਮਾਰ ਪਾਲ ਨੇ ਅਪਨਾਇਆ। ਹਰ ਇਤਿਹਾਸ ਦਾ ਵਿਦਿਆਰਥੀ ਇਨ੍ਹਾਂ ਬਾਰੇ ਜਾਨਦਾ ਹੈ।

ਮਹਾਤਮਾ ਬੁਧ ਅਤੇ ਮਹਾਵੀਰ ਦੇ ਮਾਤਾ ਪਿਤਾ ਵੀ ਸ਼੍ਰਮਣਾਂ ਦੇ ਉਪਾਸਕ ਸਨ।

ਚੰਦਰਗੁਪਤ ਭਾਰਤ ਦਾ ਪਹਿਲਾ ਸਮਰਾਟ ਸੀ ਜਿਸ ਬਾਰੇ ਪ੍ਰਮਾਣਿਕ ਇਤਿਹਾਸ ਜੈਨ ਸਾਹਿਤ ਤੋਂ ਹੀ ਮਿਲਦਾ ਹੈ। ਸਮਪ੍ਰਤਿ ਤੇ ਖਾਰਵੇਲ ਤਾਂ ਜੈਨ ਧਰਮ ਵਿਚ ਉਹ ਹੀ ਥਾਂ ਰਖਦੇ ਹਨ ਜੋ ਬੋਧ ਧਰਮ ਵਿਚ ਅਸ਼ੋਕ ਦੀ ਹੈ। ਕੁਮਾਰ ਪਾਲ ਆਖਰੀ ਭਾਰਤੀ ਰਾਜਾ ਸੀ ਜਿਸ ਦੇ ਸਮੇਂ ਪ੍ਰਸਿਧ ਜੈਨ ਸਾਹਿਤਕਾਰ ਅਚਾਰੀਆ ਹੇਮ ਚੰਦਰ ਪੈਦਾ ਹੋਏ। ਖਾਰਵੇਲ ਨੇ ਦਖਣੀ ਭਾਰਤ ਵਿਚ ਜੈਨ ਧਰਮ ਦਾ ਪ੍ਰਚਾਰ ਕੀਤਾ। ਅੱਜ ਵੀ ਇਨ੍ਹਾਂ ਰਾਜਿਆਂ ਰਾਹੀਂ ਖੁਦਾਏ ਸ਼ਿਲਾਲੇਖ, ਮੰਦਰ ਤੇ ਮੂਰਤੀਆਂ ਪ੍ਰਾਪਤ ਹੁੰਦੀਆਂ ਹਨ। ਜੈਨ ਪਰੰਪਰਾ ਦੇ ਅਸ਼ੋਕ ਵੀ ਪਹਿਲਾਂ ਜੈਨ ਧਰਮ ਦਾ ਉਪਾਸਕ ਸੀ। ਪਰ ਬਾਅਦ ਵਿਚ ਬੁਧ ਬਣ ਗਿਆ।

## ਜੈਨ ਕਲਾ ਦੇ ਕੇਂਦਰ

ਜੈਨ ਧਰਮ ਨੇ ਭਾਰਤੀ ਸੰਸਕ੍ਰਿਤੀ ਨੂੰ ਜਿਥੇ ਧਿਆਨ ਤੇ ਤਪ ਦੀ ਪਰੰਪਰਾ ਪ੍ਰਦਾਨ ਕੀਤੀ ਉਥੇ ਕਲਾ ਤੇ ਸਾਹਿਤ ਵਿਚ ਵੀ ਸਭ ਤੋਂ ਅੱਗੇ ਰਿਹਾ ਹੈ। ਜੈਨ ਕਲਾ ਦੇ ਪ੍ਰਮੁਖ ਕੇਂਦਰ ਮਥੁਰਾ, ਪਾਲੀਤਾਨਾ, ਸਮੇਤ ਸਿਖਰ, ਰਾਣਕਪੁਰ, ਆਬੂ, ਰਾਜਗਿਰੀ, ਖੁਜਰਾਹੋ, ਰੇਵਤਗਿਰੀ ਤੇ ਸ਼੍ਰਮਣ ਬੇਲਗੋਲਾ ਹਨ। ਜੋ ਅੱਜ ਵੀ ਮਨੁੱਖ ਨੂੰ ਮਾਨਸਿਕ ਸ਼ਾਂਤੀ ਪ੍ਰਦਾਨ ਕਰਦੇ ਹਨ।

## ਜੈਨ ਸਾਹਿਤ

ਜੈਨ ਸਾਹਿਤਕਾਰਾਂ ਨੇ ਅਜੇਹਾ ਕੋਈ ਵਿਸ਼ਾ ਨਹੀਂ ਜਿਸ ਉਪਰ ਸਾਹਿਤ ਨਾਂ ਰਚਿਆ ਹੋਵੇ। ਆਗਮਾਂ ਤੇ ਰਚੇ ਟੀਕਾ, ਟੱਬਾ, ਅਵਚੂਰਨੀ, ਨਿਯੁਕਤੀਆਂ ਤੋਂ ਛੁਟ ਜੋਤਸ਼, ਭੁਗੋਲ, ਖੰਗੋਲ, ਵਿਆਕਰਨ, ਨਿਆਏ, ਯੋਗ, ਮੰਤਰ, ਜੰਤਰ, ਗਣਿਤ, ਇਤਹਾਸ, ਆਯੁਰਵੇਦ, ਕਵਿਤਾ ਅਤੇ ਨੀਤੀ ਤੇ ਹਜ਼ਾਰਾਂ ਦੀ ਸੰਖਿਆ ਵਿਚ ਰਚਨਾ ਕੀਤੀ।



# ਮਹਾਂਮੰਤਰ ਨਵਕਾਰ [ਨਮਸਕਾਰ ਮੰਤਰ]

ਨਮੋ ਅਰਿਹੰਤਾਣੰ
ਨਮੋ ਸਿਧਾਣੰ
ਨਮੋ ਆਯਾਰਿਆਣੰ
ਨਮੋ ਉਭੱਝਾਯਾਣੰ
ਨਮੋ ਲੋਏ ਸੱਬ ਸਾਹੂਣੰ

ਏਸੋ ਪੰਚ ਨਮੋਕਕਾਰੋ, ਸੱਬ ਪਾਵੱ ਪਨਾਸਣੋ
ਮੰਗਲਾਣੰ ਚ ਸੱਬੇ ਸਿੰ, ਪੜਮ ਹੱਵਈ ਮੰਗਲੰ

**ਅਰਥ**—(1) ਅਰਿਹੰਤ ਦੇਵ ਨੂੰ ਨਮਸਕਾਰ ਹੋਵੇ।

(2) ਸਿੱਧ (ਮੁਕਤ ਆਤਮਾਵਾਂ) ਨੂੰ ਨਮਸਕਾਰ ਹੋਵੇ।

(3) ਅਚਾਰਿਆ (ਸੰਘ ਦੇ ਨੇਤਾ) ਨੂੰ ਨਮਸਕਾਰ ਹੋਵੇ।

(4) ਉਪਾਧਿਆਏ (ਸਿਖਿਆ ਦੇਣ ਵਾਲੇ ਅਧਿਆਪਕ) ਨੂੰ ਨਮਸਕਾਰ ਹੋਵੇ।

(5) ਇਸ ਲੋਕ ਵਿਚ ਘੁਮਣ ਵਾਲੇ ਸਾਰੇ ਸਾਧੂਆਂ ਨੂੰ ਨਮਸਕਾਰ ਹੋਵੇ।

ਇਨ੍ਹਾਂ ਪੰਜਾਂ ਨੂੰ ਨਮਸਕਾਰ ਕਰਨ ਨਾਲ ਸਭ ਪ੍ਰਕਾਰ ਦੇ ਪਾਪਾਂ ਦਾ ਨਾਸ਼ ਹੁੰਦਾ ਹੈ। ਸਾਰੇ ਪ੍ਰਮੁਖ ਮੰਗਲਾਂ ਵਿਚ ਇਹ ਸਭ ਤੋਂ ਪ੍ਰਮੁਖ ਮੰਗਲ ਹੈ। ਇਸ ਦਾ ਜਾਪ ਕਰਨ ਨਾਲ ਚਾਰੋਂ ਪਾਸੇ ਮੰਗਲ ਹੀ ਮੰਗਲ ਹੋ ਜਾਂਦਾ ਹੈ।

**ਭਾਵ ਅਰਥ**—ਨਵਕਾਰ ਮੰਤਰ ਦਾ ਜੈਨ ਧਰਮ ਦੇ ਚਾਰੇ ਫਿਰਕਿਆਂ ਵਿਚ ਬਹੁਤ ਹੀ ਸ਼ਤਿਕਾਰ ਯੋਗ ਸਥਾਨ ਹੈ। ਪੁਰਾਤਨ ਅਚਾਰੀਆਵਾਂ ਦਾ ਕਥਨ ਹੈ ਕਿ ਇਸ ਮੰਤਰ ਤੋਂ ਵਧ ਕੇ ਕੋਈ ਗਿਆਨ ਨਹੀਂ। ਇਸ ਮੰਤਰ ਵਿਚ 14 ਪੂਰਵਾਂ ਦਾ ਸਾਰ ਆ ਜਾਂਦਾ ਹੈ। ਇਸ ਮੰਤਰ ਵਿਚ ਹੋਰਨਾਂ ਮੰਤਰਾਂ

ਦੀ ਤਰ੍ਹਾਂ ਕਿਸੇ ਵਿਸ਼ੇਸ਼ ਵਿਅਕਤੀ ਜਾਂ ਦੇਵੀ ਦੇਵਤਾ ਨੂੰ ਨਮਸਕਾਰ ਨਹੀਂ ਕੀਤਾ ਗਿਆ। ਸਗੋਂ ਗੁਣਾਂ ਤੇ ਅਧਾਰਿਤ ਮਹਾਂਪੁਰਸ਼ਾਂ ਨੂੰ ਬਿਨਾ ਕਿਸੇ ਜਾਤ, ਪਾਤ, ਰੰਗ ਨਸਲ ਤੋਂ ਪਰ੍ਹਾਂ ਹਟ ਕੇ ਨਮਸਕਾਰ ਕੀਤਾ ਗਿਆ ਹੈ। ਇਹ ਮੰਤਰ ਬਹੁਤ ਪ੍ਰਭਾਵਸ਼ਾਲੀ ਹੈ। ਪੁਰਾਤਨ ਸਮੇਂ ਤੋਂ ਇਸ ਮੰਤਰ ਤੇ ਅਧਾਰਿਤ ਬਹੁਤ ਸਾਰੇ ਮੰਤਰ ਗ੍ਰੰਥਾਂ ਦੀ ਰਚਨਾ ਵੀ ਹੋਈ ਹੈ।

ਹੁਣ ਅਸੀਂ ਅਰਿਹੰਤ, ਸਿੱਧ, ਅਚਾਰੀਆਏ, ਉਪਾਧਿਆਏ ਤੇ ਸਾਧੂ ਆਦਿ ਸ਼ਬਦਾਂ ਦੇ ਅਰਥਾਂ ਤੇ ਉਨ੍ਹਾਂ ਦੇ ਗੁਣਾਂ ਦੀ ਵਿਆਖਿਆ ਕਰਦੇ ਹਾਂ :—

## ਅਰਿਹੰਤ

ਅਰਿਹੰਤ ਸ਼ਬਦ ਜੈਨ ਤੇ ਬੁਧ ਧਰਮ ਵਿਚ ਬਹੁਤ ਮਹੱਤਵ ਰਖਦਾ ਹੈ। ਜੈਨ ਧਰਮ ਅਨੁਸਾਰ ਅਰਿਹੰਤ ਉਹ ਹੈ ਜੋ ਆਤਮਿਕ ਦੁਸ਼ਮਨਾਂ (ਕਾਮ, ਕਰੋਧ ਆਦਿ ਪੰਜ ਮਾਨਸਿਕ ਦੁਸ਼ਮਨਾਂ) ਨੂੰ ਜਿੱਤ ਲੈਂਦਾ ਹੈ।

ਚਾਰ ਆਤਮਾ ਦੇ ਗੁਣਾਂ ਦਾ ਨਾਸ਼ ਕਰਨ ਵਾਲੇ ਕਰਮਾਂ (1) ਗਿਆਨਵਰਨੀਆ (2) ਦਰਸ਼ਨਵਰਨੀਆ (3) ਮੋਹਨੀਆ (4) ਅੰਤਰਾਏ, ਦਾ ਖਾਤਮਾ ਕਰਦਾ ਹੈ। ਅਰਿਹੰਤ ਭਗਵਾਨ ਦੀ ਮਹੱਤਤਾ ਪ੍ਰਗਟ ਕਰਨ ਵਾਲੇ 12 ਗੁਣ ਹੁੰਦੇ ਹਨ।[1]

ਬੁਧ ਧਰਮ ਅਨੁਸਾਰ ਅਰਿਹੰਤ ਦੀ ਵਿਆਖਿਆ ਇਸ ਪ੍ਰਕਾਰ ਕੀਤੀ ਗਈ ਹੈ "ਜਿਸਨੇ ਸੰਸਾਰ ਦਾ ਪੈਂਡਾ ਤਹਿ ਕਰ ਲਿਆ ਹੈ ਜੋ ਸ਼ੋਗ ਰਹਿਤ ਹੈ ਅਤੇ ਹਰ ਤਰ੍ਹਾਂ ਸੁਤੰਤਰ ਹੈ। ਜਿਸ ਦੀਆਂ ਸਾਰੀਆਂ ਗੰਢਾਂ ਨਿਰਮੂਲ ਹੋ ਗਈਆਂ ਹਨ, ਉਸ ਦੇ ਲਈ ਦੁਖ ਨਹੀਂ।[2]

ਸਾਰਥੀ ਦੁਆਰਾ ਚੰਗੀ ਤਰ੍ਹਾਂ ਸਿਖਾਏ ਹੋਏ ਘੋੜਿਆਂ ਵਾਂਗ ਜਿਸ ਮਨੁਖ ਦੀਆਂ ਇੰਦਰੀਆਂ ਸ਼ਾਂਤ ਹੋ ਗਈਆਂ ਹਨ ਅਭਿਮਾਨ ਖਤਮ ਹੋ ਗਿਆ ਹੈ ਅਤੇ ਜੋ ਵਿਕਾਰ ਰਹਿਤ ਹੈ ਉਸ ਵਿਅਕਤੀ ਦੀ ਦੇਵਤੇ ਵੀ ਚਾਹ ਕਰਦੇ ਹਨ।[3]

ਇਸ ਪ੍ਰਕਾਰ ਦੇ ਮਨੁੱਖ, ਜੋ ਸੱਚੇ ਗਿਆਨ ਰਾਹੀਂ ਮੁਕਤ ਹੈ ਉਸਦਾ ਮਨ ਸ਼ਾਂਤ ਹੁੰਦਾ ਹੈ, ਉਸ ਦੇ ਬੋਲ ਤੇ ਕਰਮ ਵੀ ਸ਼ਾਂਤ ਹਨ। ਸੱਚੇ ਗਿਆਨ ਰਾਹੀਂ ਮੁਕਤ ਤੇ ਸ਼ਾਂਤ "ਸੰਤਪੁਰਸ਼" ਦਾ ਮਨ, ਬਾਣੀ ਤੇ ਮਨ ਸਭ ਸ਼ਾਂਤ ਹੁੰਦਾ ਹੈ।[4]

---

(2) ਧਮ ਪਦ ਗਾਥਾ 7/90

(3) ਧਮ ਪਦ ਗਾਥਾ 7/94

(4) ਧਮ ਪਦ ਗਾਥਾ 7/96

ਉਪਰੋਕਤ ਮਨੁੱਖ ਪ੍ਰਿਥਵੀ ਵਾਂਗ ਸਹਿਨਸ਼ੀਲ, ਪੱਕੇ ਥੰਮ ਦੀ ਤਰਾਂ ਅਡੋਲ ਤੇ ਚਿੱਕੜ ਤੋਂ ਰਹਿਤ ਤਲਾ ਵਾਂਗ ਹੁੰਦਾ ਹੈ। ਇਸ ਤਰਾਂ ਦੇ ਮਨੁੱਖ ਦਾ ਜਨਮ ਮਰਣ ਦਾ ਚੱਕਰ ਮਿਟ ਜਾਂਦਾ ਹੈ।

(1) ਅਨੰਤ ਗਿਆਨ (2) ਅਨੰਤ ਦਰਸ਼ਨ (3) ਅਨੰਤ ਚਾਰਿਤਰ (4-5) ਅਨੰਤ ਬਲਵੀਰਜ (6) ਅਨੰਤ ਸ਼ਾਯਕ ਸਮਿਕੱਤਵ (7) ਵਜਰ ਰਿਸਵ ਨਾਰਾਚ ਸਹਨੰਨਾ (8) ਸਮਚਤੁਰ ਸਸਤਰ ਸੰਸਥਾਨ (੫) 34 ਅਤਿਸ਼ੇ (10) ਬਾਣੀ ਦੇ 35 ਗੁਣ (11) ਇਕ ਹਜ਼ਾਰ ਸਰੀਰ ਲੱਛਣ (12) 64 ਇੰਦਰਾਂ ਰਾਹੀ ਪੂਜਨਯੋਗ ਇਹ ਗੁਣ ਅਰਿਹੰਤ ਤੇ ਤੀਰਥੰਕਰਾਂ ਦੇ ਹਨ। ਤੀਰਥੰਕਰ ਇਕ ਸਮੇਂ ਵਿਚ 24 ਹੀ ਹੁੰਦੇ ਹਨ। ਤੀਰਥੰਕਰ ਤੋਂ ਭਾਵ ਸਾਧੂ, ਸਾਧਵੀ, ਸ਼ਰਾਵਕ ਤੇ ਸ਼ਰਾਵਿਕਾ ਰੂਪੀ ਚਹੁੰ ਪੱਖੀ ਤੀਰਥ ਦਾ ਸੰਸਥਾਪਕ ਹੈ।

ਅਤਿਸ਼ੈ ਤੋਂ ਭਾਵ ਹੈ ਉਹ ਗੁਣ ਜੋ ਹੋਰ ਮਨੁਖਾਂ ਵਿਚ ਨਾ ਪਾਏ ਜਾਣ। ਇਨ੍ਹਾਂ ਵਿਚੋਂ ਚਾਰ ਅਤਿਸ਼ੇ ਜਨਮ ਸਮੇਂ, 15 ਕੇਵਲ ਗਿਆਨ ਸਮੇਂ ਅਤੇ 15 ਦੇਵਤਿਆਂ ਰਾਹੀਂ ਪ੍ਰਗਟ ਕੀਤੇ ਜਾਂਦੇ ਹਨ। ਸੰਖੇਪ ਵਿਚ 34 ਅਤਿਸ਼ੇ ਇਸ ਪ੍ਰਕਾਰ ਹਨ।

(1) ਸਰੀਰ ਦੇ ਬਾਲ ਨਹੀਂ ਵਧਦੇ ਅਤੇ ਜਿੰਨੇ ਵਧਦੇ ਵੀ ਹਨ ਉਹ ਸੋਹਣੇ ਲਗਦੇ ਹਨ।

(2) ਸ਼ਰੀਰ ਤੇ ਮਿੱਟੀ, ਮੈਲ ਨਹੀਂ ਜੰਮਦੀ।

(3) ਖ਼ੂਨ ਅਤੇ ਮਾਸ ਗਊ ਦੇ ਦੁਧ ਵਾਂਗ ਸਫੈਦ ਤੇ ਮਿੱਠਾ ਹੁੰਦਾ ਹੈ।

(4) ਸਾਹਾਂ ਵਿਚ ਖੁਸ਼ਬੂ ਹੁੰਦੀ ਹੈ।

(5) ਆਮ ਮਨੁਖ ਉਨ੍ਹਾਂ ਨੂੰ ਭੋਜਨ ਕਰਦੇ ਨਹੀਂ ਵੇਖ ਸਕਦਾ। ਪਰ ਅਵਧੀ ਗਿਆਨੀ ਵੇਖ ਸਕਦਾ ਹੈ।

(6) ਤੀਰਥੰਕਰ ਅਤੇ ਅਰਿਹੰਤ ਜ਼ਦ ਚਲਦੇ ਹਨ ਉਨ੍ਹਾਂ ਅੱਗੇ ਇਕ ਧਰਮ ਚੱਕਰ ਚਲਦਾ ਹੈ। ਜਿੱਥੇ ਭਗਵਾਨ ਠਹਿਰਦੇ ਹਨ ਧਰਮ ਚੱਕਰ ਵੀ ਠਹਿਰ ਜਾਂਦਾ ਹੈ।

(7) ਤੀਰਥੰਕਰ ਦੇ ਸਿਰ ਤੇ ਤਿੰਨ ਛਤਰ ਆਕਾਸ਼ ਤੋਂ ਹੀ ਵਿਖਾਈ ਦਿੰਦੇ ਹਨ। ਸਾਰੇ ਛਤਰ ਮੋਤੀਆਂ ਦੀ ਝਾਲਰ ਵਾਲੇ ਹੁੰਦੇ ਹਨ।

(8) ਗਊ ਦੇ ਦੁਧ ਦੀ ਤਰਾਂ ਅਤੇ ਕਮਲ ਦੇ ਫੁੱਲਾਂ ਦੀ ਤਰਾਂ ਉਜਲ ਦੇ ਝਾਲਰ ਝੁਲਾਏ ਜ਼ਾਂਦੇ ਹਨ। ਉਨ੍ਹਾਂ ਦੀ ਡੰਡੀ ਰਤਨਾਂ ਦੀ ਬਣੀ ਹੁੰਦੀ ਹੈ।

(9) ਅਰਿਹੰਤ ਭਗਵਾਨ ਜਿਥੇ ਵਿਰਾਜਦੇ ਹਨ ਉਥੇ ਸਫ਼ਟੀਕ ਮਨੀ ਦੀ ਤਰਾਂ